# ਸਕੂਲ ਸਿੱਖਿਆ ਵਿਭਾਗ ਖੇਡ ਨੀਤੀ-2021

**ਜਾਣ ਪਹਿਚਾਣ:-**

ਪੰਜਾਬ ਦੇ ਸਕੂਲਾਂ ਦੇ ਵਿਦਿਆਰਥੀਆਂ ਨੂੰ "ਪੜ੍ਹੋ ਪੰਜਾਬ ਪੜ੍ਹਾਓ ਪੰਜਾਬ" ਦੇ ਨਾਲ-2 ਖੇਡਾਂ ਨਾਲ ਜੋੜਨਾ ਬਹੁਤ ਜ਼ਰੂਰੀ ਹੈ। ਇਸ ਮਕਸਦ ਨੂੰ ਮੁੱਖ ਰੱਖਦਿਆਂ ਸਕੂਲ ਸਿੱਖਿਆ ਵਿਭਾਗ ਵੱਲੋਂ ਬੱਚਿਆਂ ਨੂੰ ਪੜ੍ਹਾਈ ਅਤੇ ਵਿਰਾਸਤੀ ਖੇਡਾਂ ਨਾਲ ਜੋੜਦਿਆਂ ਸਕੂਲਾਂ ਅੰਦਰ "ਖੇਡੋ ਪੰਜਾਬ ਵਧੋ ਪੰਜਾਬ" ਮੁਹਿੰਮ ਨੂੰ ਸ਼ੁਰੂ ਕੀਤਾ ਗਿਆ ਹੈ। ਖੇਡਾਂ ਬੱਚੇ ਅੰਦਰ ਜਿੱਥੇ ਸਰੀਰਕ ਅਤੇ ਮਾਨਸਿਕ ਵਿਕਾਸ ਵਿੱਚ ਵਾਧਾ ਕਰਦੀਆਂ ਹਨ, ਉੱਥੇ ਬੱਚੇ ਦੇ ਬੌਧਿਕ ਵਿਕਾਸ ਅਤੇ ਵਾਧੇ ਲਈ ਵੀ ਅਹਿਮ ਭੂਮਿਕਾ ਨਿਭਾਉਂਦੀਆਂ ਹਨ। ਖੇਡਾਂ ਦੁਆਰਾ ਹੀ ਬੱਚਿਆਂ ਦੀ ਵਾਧੂ ਊਰਜਾ ਦੀ ਸਹੀ ਵਰਤੋਂ ਕਰਕੇ, ਉਨ੍ਹਾਂ ਦਾ ਸਰਵਪੱਖੀ ਵਿਕਾਸ ਕੀਤਾ ਜਾ ਸਕਦਾ ਹੈ। ਸੋ ਵਿਦਿਆਰਥੀਆਂ ਨੂੰ ਖੇਡ ਸਰਗਰਮੀਆਂ ਰਾਹੀਂ ਸਮਾਜਿਕ ਕਦਰਾਂ-ਕੀਮਤਾਂ ਨਾਲ ਜੋੜਨਾ, ਸਰੀਰਕ ਵਿਕਾਸ, ਮਾਨਸਿਕ ਵਿਕਾਸ ਕਰਨਾ ਅਤੇ ਦੇਸ਼ ਨੂੰ ਤੰਦਰੁਸਤ ਨੌਜਵਾਨ ਪੀੜ੍ਹੀ ਪ੍ਰਦਾਨ ਕਰਨਾ ਹੈ। ਸਕੂਲਾਂ ਵਿੱਚ ਠੋਸ ਖੇਡ ਢਾਂਚੇ ਦੀ ਜ਼ਰੂਰਤ ਨੂੰ ਮਹਿਸੂਸ ਕਰਦਿਆਂ ਇਸ ਅਨੁਸਾਰ ਕੰਮ ਕਰਨ ਦਾ ਟੀਚਾ ਮਿੱਥਿਆ ਗਿਆ ਹੈ।

## 1.0 ਉਦੇਸ਼

'ਪੜ੍ਹੋ ਪੰਜਾਬ ਪੜ੍ਹਾਓ ਪੰਜਾਬ' ਤਹਿਤ ਹਰੇਕ ਬੱਚੇ ਅੰਦਰ ਸਿੱਖਣ ਦੇ ਪੱਧਰ ਨੂੰ ਉੱਚਾ ਚੁੱਕਣਾ ਇਸਦਾ ਉਦੇਸ਼ ਹੈ, ਉਥੇ ' **ਖੇਡੋ ਪੰਜਾਬ ਵਧੋ ਪੰਜਾਬ**' ਰਾਹੀਂ ਬੱਚਿਆਂ ਦੇ ਸਰੀਰਕ, ਮਾਨਸਿਕ ਅਤੇ ਬੌਧਿਕ ਵਿਕਾਸ ਨੂੰ ਵਧੇਰੇ ਤੰਦਰੁਸਤ ਕਰਨਾ ਹੋਵੇਗਾ। ਇਸ ਨੀਤੀ ਤਹਿਤ ਹਰ ਬੱਚਾ ਪੜ੍ਹਨ ਲਿਖਣ ਦੇ ਨਾਲ-ਨਾਲ ਖੇਡਾਂ ਨਾਲ ਮੁੱਢ ਤੋਂ ਜੁੜੇਗਾ ਜਿਸ ਨਾਲ ਸਮਾਜਿਕ ਕੁਰੀਤੀਆਂ ਅਤੇ ਨਸ਼ਿਆਂ ਤੋਂ ਦੂਰ ਹੋਵੇਗਾ।' **ਖੇਡੋ ਪੰਜਾਬ ਵਧੋ ਪੰਜਾਬ** ' ਪ੍ਰੋਜੈਕਟ ਤਹਿਤ ਕੰਮ ਕੀਤਾ ਜਾਵੇਗਾ। ਇਸ ਮੰਤਵ ਲਈ ਸਿੱਖਿਆ ਵਿਭਾਗ ਵਿੱਚ 03 ਉਮਰ ਗੁੱਟ ਅੰਡਰ-14, ਅੰਡਰ-17 ਅਤੇ ਅੰਡਰ-19 ਅਨੁਸਾਰ ਖੇਡਾਂ 6ਵੀਂ ਤੋਂ 12ਵੀਂ ਤੱਕ ਅਤੇ ਇੱਕ ਉਮਰ ਗਰੁੱਪ ਅੰ:11 ਪ੍ਰਾਇਮਰੀ ਵਿੱਚ ਖੇਡਾਂ ਕਰਵਾਈਆਂ ਜਾਣਗੀਆਂ। ਇਹ ਖੇਡਾਂ ਲੜਕੀਆਂ ਅਤੇ ਲੜਕੇ ਦੋਹਾਂ ਲਈ ਹੋਣਗੀਆਂ।

- ਸਕੂਲ ਪੱਧਰ 'ਤੇ ਹੀ ਬੱਚਿਆਂ ਨੂੰ ਖੇਡਾਂ ਨਾਲ ਜੋੜਦਿਆਂ ਚੰਗੇ ਖਿਡਾਰੀ ਪੈਦਾ ਕਰਨਾ।
- ਹਰੇਕ ਵਿਦਿਆਰਥੀ ਲਈ ਕਿਸੇ ਇੱਕ ਖੇਡ ਦੀ ਨਿਸ਼ਾਨਦੇਹੀ ਕਰਨਾ।
- ਵਿਦਿਆਰਥੀਆਂ ਨੂੰ ਸਰੀਰਕ ਸਿੱਖਿਆ ਮਾਹਰਾਂ ਰਾਹੀਂ ਸਿੱਖਿਅਤ ਕਰਨਾ।
- ਅਧਿਆਪਕਾਂ ਨੂੰ ਖੇਡ ਵਿਧੀਆਂ ਦੀ ਸਿਖਲਾਈ ਦੇਣਾ।
- ਖਿਡਾਰੀਆਂ ਨੂੰ ਨਸ਼ਿਆਂ ਤੋਂ ਦੂਰ ਰੱਖਣਾ।
- ਖੇਡ ਮੁਕਾਬਲਿਆਂ ਰਾਹੀਂ ਵਿਦਿਆਰਥੀਆਂ ਨੂੰ ਸਮੇਂ ਦੇ ਹਾਣੀ ਬਣਾਉਣਾ।
- ਮਨੋਰੰਜਨ ਕਿਰਿਆਵਾਂ/ਖੇਡਾਂ ਰਾਹੀਂ ਬੱਚਿਆਂ ਵਿੱਚ ਖੇਡਾਂ ਪ੍ਰਤੀ ਉਤਸ਼ਾਹ ਪੈਦਾ ਕਰਨਾ।
- ਸਕੂਲ ਸਿੱਖਿਆ 'ਚ ਖੇਡ ਸਰਗਰਮੀਆਂ ਰਾਹੀਂ ਸਮਾਜਿਕ ਭਾਗੀਦਾਰੀ ਵਧਾਉਣੀ।
- ਖੇਡਾਂ 'ਚ ਨਿਯਮਬੱਧਤਾ ਤੇ ਪਾਰਦਰਸ਼ਤਾ ਲਿਆਉਣੀ।
- ਪੰਜਾਬ ਰਾਜ ਦੇ ਸਕੂਲਾਂ ਵਿੱਚ ਖੇਡ ਸੱਭਿਆਚਾਰ ਪੈਦਾ ਕਰਨਾ।
- ਬੱਚਿਆਂ ਦਾ ਮਾਨਸਿਕ ਅਤੇ ਸਰੀਰਕ ਵਿਕਾਸ।
- ਹਰ ਸਾਲ ਸਰੀਰਕ ਨਿਪੁੰਨਤਾ ਟੈਸਟ ਕਰਵਾਉਣਾ।
- ਵਿਦਿਆਰਥੀਆਂ ਵਿੱਚ ਅਨੁਸ਼ਾਸ਼ਨ ਦੀ ਭਾਵਨਾ ਪੈਦਾ ਕਰਕੇ ਸਰਵ-ਪੱਖੀ ਵਿਕਾਸ ਕਰਨਾ।

## 2.0 ਸਵੇਰ ਦੀ ਸਭਾ ਵਿੱਚ ਕਰਵਾਈਆਂ ਜਾਣ ਵਾਲੀਆਂ ਗਤੀਵਿਧੀਆਂ

ਸਵੇਰ ਦੀ ਸਭਾ ਦੀ ਵਿਦਿਆਰਥੀ ਜੀਵਨ ਦੌਰਾਨ ਬਹੁਤ ਅਹਿਮੀਅਤ ਹੈ। ਜਿਸ ਦਾ ਸਹੀ ਉਪਯੋਗ ਕਰਕੇ ਵਿਦਿਆਰਥੀਆਂ ਨੂੰ ਹਰ-ਪੱਖੋਂ ਤੰਦਰੁਸਤੀ ਅਤੇ ਤਾਜ਼ਗੀ ਪ੍ਰਦਾਨ ਕਰਨ ਲਈ ਹੇਠ ਲਿਖੀਆਂ ਸਰਗਰਮੀਆਂ ਕਰਵਾਈਆਂ ਜਾਣ:-

2.1 ਪਹਿਲੀ ਘੰਟੀ ਵੱਜਣ ਉਪਰੰਤ ਬੱਚੇ ਅਤੇ ਜਮਾਤ ਇੰਚਾਰਜ ਆਪੋ-ਆਪਣੀਆਂ ਜਮਾਤਾਂ ਵਿੱਚ ਜਾਣਗੇ ਅਤੇ ਜਮਾਤ ਇੰਚਾਰਜ ਬੱਚਿਆਂ ਦੀ ਹਾਜ਼ਰੀ ਲਗਾਉਣਗੇ।

2.2 ਸਰੀਰਕ ਸਿੱਖਿਆ ਅਧਿਆਪਕ ਅਤੇ ਸਕੂਲ ਮੁੱਖੀ ਪਹਿਲੀ ਘੰਟੀ ਵੱਜਣ ਤੋਂ ਬਾਅਦ ਸਵੇਰ ਦੀ ਸਭਾ ਨਾਲ ਸਬੰਧਤ ਸਾਜੋ ਸਮਾਨ ਦਾ ਪ੍ਰਬੰਧ ਕਰਨਗੇ।

2.3 ਦੂਜੀ ਘੰਟੀ ਵੱਜਣ ਉਪਰੰਤ ਜਮਾਤ ਇੰਚਾਰਜ ਆਪੋ-ਆਪਣੀ ਜਮਾਤ ਨੂੰ ਲਾਈਨਾਂ ਵਿੱਚ ਲੈ ਕੇ ਸਵੇਰ ਦੀ ਸਭਾ ਵਿੱਚ ਜਾਣਗੇ।

2.4 ਜਮਾਤ ਇੰਚਾਰਜ ਸਵੇਰ ਦੀ ਸਭਾ ਦੋਰਾਨ ਆਪੋ-ਆਪਣੀ ਜਮਾਤ ਦੀ ਲਾਈਨ ਅੱਗੇ ਖੜ੍ਹੇ ਹੋਣਗੇ ਅਤੇ ਅਨੁਸ਼ਾਸਨ ਕਾਇਮ ਰੱਖਣਗੇ।

2.5 ਜਮਾਤ ਇੰਚਾਰਜਾਂ ਤੋਂ ਬਗ਼ੈਰ ਬਾਕੀ ਸਾਰੇ ਅਧਿਆਪਕ ਵੀ ਸਵੇਰ ਦੀ ਸਭਾ ਵਿੱਚ ਹਾਜ਼ਰ ਹੋਣਗੇ ਅਤੇ ਸਵੇਰ ਦੀ ਸਭਾ ਲਈ ਸਹਿਯੋਗ ਕਰਨਗੇ।

2.6 ਹਰੇਕ ਸਕੂਲ ਵਿੱਚ ਸਵੇਰ ਦੀ ਸਭਾ ਡਰੱਮ ਨਾਲ ਕਰਵਾਈ ਜਾਵੇਗੀ।

2.7 **ਸਵੇਰ ਦੀ ਸਭਾ ਵਿੱਚ ਬਾਕੀ ਗਤੀਵਿਧੀਆ ਦੇ ਨਾਲ-2 ਯੋਗ ਅਤੇ ਮਾਸ ਪੀ.ਟੀ. ਹਰ ਰੋਜ ਕਰਵਾਏ ਜਾਣਗੇ। ਜਿਸ ਵਿੱਚ ਘੱਟੋ-ਘੱਟ 05 ਆਸਨ/ਪ੍ਰਾਣਾਯਾਮ ਜਾਂ 05 ਪੀ.ਟੀ. ਕਸਰਤਾਂ ਮੌਸਮ ਅਨੁਸਾਰ ਕਰਵਾਈਆਂ ਜਾਣਗੀਆਂ।**

2.8 ਸਵੇਰ ਦੀ ਸਭਾ ਦੌਰਾਨ ਵਿਸ਼ੇਸ਼ ਦਿਨਾਂ ਸਬੰਧੀ ਸਬੰਧਤ ਵਿਸ਼ਾ ਅਧਿਆਪਕ ਅਤੇ ਵਿਦਿਆਰਥੀ ਵਿਚਾਰ ਪ੍ਰਗਟ ਕਰਨਗੇ।

## 3.0 ਐਲੀਮੈਂਟਰੀ ਸਿੱਖਿਆ ਵਿਭਾਗ ਦੀਆਂ ਖੇਡ ਕਮੇਟੀਆਂ:-

### (ੳ) ਬਲਾਕ ਪੱਧਰੀ ਕਮੇਟੀ

ਨਿਯਮ:-

3.1 ਹਰੇਕ ਸਿੱਖਿਆ ਬਲਾਕ 'ਚ ਇੱਕ ਖੇਡ ਕਮੇਟੀ ਬਲਾਕ ਪੱਧਰ ਦੇ ਟੂਰਨਾਮੈਂਟਾਂ ਨੂੰ ਸੰਚਾਲਤ ਕਰਨ ਲਈ 7 ਮੈਂਬਰੀ ਕਮੇਟੀ ਦੋ ਸਾਲਾਂ ਲਈ ਬਣਾਈ ਜਾਵੇਗੀ।

3.2 ਟੂਰਨਾਮੈਂਟ ਕਮੇਟੀਆਂ ਦਾ ਗਠਨ ਵਿਦਿਅਕ ਵਰ੍ਹੇ ਦੇ ਆਰੰਭ ਵਿੱਚ (1 ਤੋਂ 15 ਅਪ੍ਰੈਲ ਤੱਕ) ਕੀਤਾ ਜਾਵੇਗਾ। ਜੇਕਰ ਕਿਸੇ ਕਾਰਨ ਕਰਕੇ (ਬਦਲੀ/ਸੇਵਾ ਮੁਕਤੀ/ ਮੌਤ/ਕਿਸੇ ਹੋਰ ਕਾਰਨ) ਕੋਈ ਅਹੁਦਾ ਖਾਲੀ ਹੁੰਦਾ ਹੈ ਤਾਂ ਉਸ ਥਾਂ ਉਤੇ ਨਾਮਜ਼ਦਗੀ ਕਰਨ ਦਾ ਅਧਿਕਾਰ ਸਬੰਧਤ ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ ਕੋਲ ਹੋਵੇਗਾ।

3.3 ਜਿਸ ਵਿੱਚ ਸਬੰਧਤ ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ ਸੈਂਟਰ ਹੈਡ ਟੀਚਰ, ਇੱਕ ਹੈਡ ਟੀਚਰ, ਦੋ ਪੁਰਸ਼ ਅਧਿਆਪਕ ਅਤੇ 2 ਮਹਿਲਾ ਅਧਿਆਪਕ ਸ਼ਾਮਲ ਹੋਣਗੇ।

3.4 ਇਸ ਕਮੇਟੀ ਵਿੱਚ ਸਬੰਧਤ ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ ਪ੍ਰਬੰਧਕੀ ਸਕੱਤਰ ਹੋਵੇਗਾ।

3.5 ਬਲਾਕ ਪੱਧਰ ਦੇ ਟੂਰਨਾਮੈਂਟਾਂ ਦੇ ਸੰਚਾਲਨ ਲਈ ਸੈਕੰਡਰੀ ਵਿੰਗ ਦੇ ਸਰੀਰਕ ਸਿੱਖਿਆ ਅਧਿਆਪਕਾਂ ਦੀਆਂ ਡਿਊਟੀਆਂ ਸਬੰਧਿਤ ਬੀ.ਪੀ.ਈ.ਓ., ਜਿਲ੍ਹਾ ਸਿੱਖਿਆ ਅਫ਼ਸਰ (ਸੈ:ਸਿ) ਰਾਹੀਂ ਲਗਾਉਣਗੇ।

3.6 ਇਸ ਕਮੇਟੀ ਦੀ ਚੋਣ ਸਬੰਧਤ ਬਲਾਕ ਦੇ ਸਾਰੇ ਸੈਂਟਰ ਹੈਡ ਟੀਚਰਜ਼, ਹੈਡ ਟੀਚਰ ਅਤੇ ਅਧਿਆਪਕ ਸਰਬਸੰਮਤੀ ਨਾਲ ਕਰਨਗੇ।

ਬਣਤਰ:-

- ਪ੍ਰਬੰਧਕੀ ਪ੍ਰਧਾਨ — ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ (ਮੁੱਖੀ)
- ਪ੍ਰਬੰਧਕੀ ਸਕੱਤਰ — **ਬਲਾਕ ਪੱਧਰ ਤੇ ਇੰਚਾਰਜ ਪੀਟੀਆਈ ਅਧਿਆਪਕ** (ਸਕੱਤਰ)
- ਮੈਂਬਰ — ਸੈਂਟਰ ਹੈਡ ਟੀਚਰ (ਇੱਕ)
- ਮੈਂਬਰ — ਹੈਡ ਟੀਚਰ (ਇੱਕ)
- ਮੈਂਬਰ — ਦੋ ਪੁਰਸ਼ ਅਧਿਆਪਕ
- ਮੈਂਬਰ — ਦੋ ਮਹਿਲਾ ਅਧਿਆਪਕ

ਕੰਮ ਅਤੇ ਜਿੰਮੇਵਾਰੀਆਂ:-

1. ਉਪਰੋਕਤ ਕਮੇਟੀ ਬਲਾਕ ਪੱਧਰ ਦੇ ਟੂਰਨਾਮੈਂਟ, ਜ਼ਿਲ੍ਹਾ ਪੱਧਰੀ ਟੂਰਨਾਮੈਂਟ ਤੋਂ ਘੱਟੋ-ਘੱਟ ਇੱਕ ਮਹੀਨਾ ਪਹਿਲਾਂ ਕਰਵਾਏਗੀ।

2. ਬਲਾਕ ਪੱਧਰ ਦੇ ਜੇਤੂ ਖਿਡਾਰੀਆਂ ਨੂੰ ਸਰਟੀਫਿਕੇਟ, ਤਗ਼ਮੇ ਅਤੇ ਟਰਾਫ਼ੀਆਂ ਨਾਲ ਸਨਮਾਨਿਤ ਕਰੇਗੀ।
3. ਬਲਾਕ ਪੱਧਰੀ ਖੇਡਾਂ 'ਤੇ ਹੋਣ ਵਾਲਾ ਖਰਚਾ ਜ਼ਿਲ੍ਹਾ ਸਿੱਖਿਆ ਅਫ਼ਸਰ (ਐਲੀ.ਸਿੱ.) ਤੋਂ ਪ੍ਰਾਪਤ ਕਰੇਗੀ।
4. ਕਮੇਟੀ ਖੇਡ ਮੁਕਾਬਲਿਆਂ ਦੇ ਸੁਚਾਰੂ ਸੰਚਾਲਨ ਲਈ ਸੈਕੰਡਰੀ ਵਿਭਾਗ ਦੇ ਸਰੀਰਿਕ ਸਿੱਖਿਆ ਅਧਿਆਪਕਾਂ ਦੀਆਂ ਸੇਵਾਵਾਂ ਲਵੇਗੀ।
5. ਜ਼ਿਲ੍ਹਾ ਪੱਧਰ ਦੇ ਮੁਕਾਬਲਿਆਂ ਲਈ ਖਿਡਾਰੀਆਂ ਦੀ ਚੋਣ ਬਲਾਕ ਕਮੇਟੀ ਵੱਖ-ਵੱਖ ਖੇਡਾਂ ਲਈ ਖੇਡ ਮਾਹਿਰਾਂ ਦੀਆਂ ਕਮੇਟੀਆਂ ਬਣਾਕੇ ਕਰੇਗੀ ਅਤੇ ਲੋੜ ਅਨੁਸਾਰ ਸਿਖਲਾਈ ਕੈਂਪ ਲਗਾਏਗੀ।
6. ਉਕਤ ਕਮੇਟੀ ਖਿਡਾਰੀਆਂ ਦੀ ਪਾਤਰਤਾ (ਉਮਰ, ਦਾਖਲਾ, ਜਮਾਤ ਅਤੇ ਵਜ਼ਨ) ਸਬੰਧੀ ਵਿਭਾਗ ਦੇ ਨਿਰਧਾਰਤ ਨਿਯਮਾਂ ਅਨੁਸਾਰ ਪਰਖ ਕਰੇਗੀ।
7. ਖਿਡਾਰੀਆਂ ਨੂੰ ਇੱਕ ਮੈਚ/ ਈਵੈਂਟ 'ਚ ਹਿੱਸਾ ਲੈਣ 'ਤੇ 20/-ਰੁਪਏ ਅਤੇ ਇੱਕ ਤੋਂ ਜਿਆਦਾ ਮੈਚ/ਈਵੈਂਟ ਲਈ 40 ਰੁਪਏ ਪ੍ਰਤੀ ਦਿਨ ਰਿਫਰੈਸ਼ਮੈਂਟ ਦਿੱਤੀ ਜਾਵੇਗੀ।
8. ਖੇਡ ਮੁਕਾਬਲਿਆਂ ਦੌਰਾਨ ਪੈਦਾ ਹੋਣ ਵਾਲੇ ਵਿਵਾਦਾਂ ਦਾ ਵਿਭਾਗ /ਖੇਡ ਨਿਯਮਾਂ ਅਨੁਸਾਰ ਨਿਪਟਾਰਾ ਕਰੇਗੀ। ਖੇਡ ਜਾਬਤੇ ਤੇ ਨਿਯਮਾਂ ਦੀ ਉਲੰਘਣਾ ਕਰਨ ਵਾਲੀ ਟੀਮ ਜਾਂ ਖਿਡਾਰੀ ਖਿਲਾਫ ਬਣਦੀ ਕਾਰਵਾਈ ਕਰੇਗੀ। ਜੇਕਰ ਕੋਈ ਟੀਮ ਇੰਚਾਰਜ/ ਅਧਿਆਪਕ ਕਿਸੇ ਵੀ ਨਿਯਮ ਦੀ ਉਲੰਘਣਾ ਕਰਦਾ ਹੈ ਤਾਂ ਉਕਤ ਕਮੇਟੀ ਇਸ ਸਬੰਧੀ ਲੋੜੀਂਦੀ ਕਾਰਵਾਈ ਕਰਨ ਲਈ ਜ਼ਿਲ੍ਹਾ ਸਿੱਖਿਆ ਅਫਸਰ (ਐਲੀ.ਸਿ:) ਨੂੰ ਸਿਫਾਰਸ਼ ਕਰੇਗੀ।

## (ਅ) ਜ਼ਿਲ੍ਹਾ ਪੱਧਰੀ ਖੇਡ ਕਮੇਟੀ

ਨਿਯਮ:-

1. ਹਰੇਕ ਜ਼ਿਲ੍ਹਾ ਪੱਧਰ 'ਤੇ ਇੱਕ 9 ਮੈਂਬਰੀ ਖੇਡ ਕਮੇਟੀ ਜ਼ਿਲ੍ਹਾ ਪੱਧਰ ਦੇ ਟੂਰਨਾਮੈਂਟਾਂ ਨੂੰ ਸੰਚਾਲਤ ਕਰਨ ਲਈ ਦੋ ਸਾਲਾਂ ਲਈ ਬਣਾਈ ਜਾਵੇ।
2. ਟੂਰਨਾਮੈਂਟ ਕਮੇਟੀਆਂ ਦਾ ਗਠਨ ਵਿਦਿਅਕ ਵਰ੍ਹੇ ਦੇ ਆਰੰਭ ਵਿੱਚ (1 ਤੋਂ 15 ਅਪ੍ਰੈਲ ਤੱਕ) ਕੀਤਾ ਜਾਵੇਗਾ। ਜੇਕਰ ਕਿਸੇ ਕਾਰਨ ਕਰਕੇ (ਬਦਲੀ/ਸੇਵਾ ਮੁਕਤੀ/ ਮੌਤ/ਕਿਸੇ ਹੋਰ ਕਾਰਨ) ਕੋਈ ਅਹੁਦਾ ਖਾਲੀ ਹੁੰਦਾ ਹੈ ਤਾਂ ਉਸ ਥਾਂ ਉਤੇ ਨਾਮਜ਼ਦਗੀ ਕਰਨ ਦਾ ਅਧਿਕਾਰ ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿੱ.) ਕੋਲ ਹੋਵੇਗਾ।
3. ਜਿਸ ਵਿੱਚ ਸਬੰਧਤ ਜ਼ਿਲ੍ਹਾ ਸਿੱਖਿਆ ਅਫ਼ਸਰ, ਸਬੰਧਤ ਉਪ ਜ਼ਿਲ੍ਹਾ ਸਿੱਖਿਆ ਅਫ਼ਸਰ, 1-1 ਪੁਰਸ਼ ਤੇ ਮਹਿਲਾ ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ,ਇੱਕ ਸੈਂਟਰ ਹੈਡ ਟੀਚਰ, ਇੱਕ ਹੈਡ ਟੀਚਰ, ਦੋ ਪੁਰਸ਼ ਅਧਿਆਪਕ ਅਤੇ 2 ਮਹਿਲਾ ਅਧਿਆਪਕ ਸ਼ਾਮਲ ਹੋਣਗੇ।
4. ਇਸ ਕਮੇਟੀ ਵਿੱਚ ਸਬੰਧਤ ਜ਼ਿਲ੍ਹਾ ਸਪੋਰਟਸ ਕੋਆਰਡੀਨੇਟਰ ਪ੍ਰਬੰਧਕੀ ਸਕੱਤਰ ਹੋਵੇਗਾ।
5. ਜ਼ਿਲ੍ਹਾ ਪੱਧਰ ਦੇ ਟੂਰਨਾਮੈਂਟਾਂ ਦੇ ਸੰਚਾਲਨ ਲਈ ਸੈਕੰਡਰੀ ਵਿੰਗ ਦੇ ਸਰੀਰਕ ਸਿੱਖਿਆ ਅਧਿਆਪਕਾਂ ਦੀਆਂ ਡਿਊਟੀਆਂ ਸਬੰਧਤ ਜ਼ਿਲ੍ਹਾ ਸਪੋਰਟਸ ਕੋਆਰਡੀਨੇਟਰ ਰਾਹੀਂ ਲਗਾਉਣਗੇ।
6. ਇਸ ਕਮੇਟੀ ਦੀ ਚੋਣ ਸਬੰਧਤ ਜ਼ਿਲ੍ਹਾ ਸਿੱਖਿਆ ਅਫਸਰ ((ਐ.ਸਿੱ.) ਦੇ ਸਾਰੇ ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ ਦੀ ਮੱਦਦ ਨਾਲ ਕਰਨਗੇ।

**ਬਣਤਰ**

| | |
|---|---|
| ਪ੍ਰਧਾਨ ਅਤੇ ਵਿੱਤ ਸਕੱਤਰ:- | ਜ਼ਿਲ੍ਹਾ ਸਿੱਖਿਆ ਅਫਸਰ (ਐ.ਸਿ.) |
| ਐਡੀਸ਼ਨਲ ਵਿੱਤ ਸਕੱਤਰ :- | ਸਬੰਧਤ ਉੱਪ ਜ਼ਿਲ੍ਹਾ ਸਿੱਖਿਆ ਅਫਸਰ (ਐ.ਸਿ.) |
| ਮੀਤ ਪ੍ਰਧਾਨ:- | ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ (ਪੁਰਸ਼) |
| ਮੀਤ ਪ੍ਰਧਾਨ:- | ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ (ਇਸਤਰੀ) |
| ਪ੍ਰਬੰਧਕੀ ਸਕੱਤਰ:- | ਜ਼ਿਲ੍ਹਾ ਸਪੋਰਟਸ ਕੋਆਰਡੀਨੇਟਰ |
| ਅਡੀਟਰ:- | ਸੈਕਸ਼ਨ ਅਫਸਰ (ਸਬੰਧਤ ਜ਼ਿਲ੍ਹਾ ਦਫਤਰ) |
| ਮੈਂਬਰ:- | ਸੈਂਟਰ ਹੈੱਡ ਟੀਚਰ (ਪੁਰਸ਼ ਜਾਂ ਮਹਿਲਾ) |

ਮੈਂਬਰ:- ਬਲਾਕ ਖੇਡ ਇੰਚਾਰਜ (ਪੀ.ਟੀ.ਆਈ.)
ਮੈਂਬਰ:- ਈ.ਟੀ.ਟੀ. ਅਧਿਆਪਕ (ਪੁਰਸ਼)
ਮੈਂਬਰ:- ਈ.ਟੀ.ਟੀ. ਅਧਿਆਪਕ (ਇਸਤਰੀ)

**ਕੰਮ ਅਤੇ ਜਿੰਮੇਵਾਰੀਆਂ:-**

1. ਉਪਰੋਕਤ ਕਮੇਟੀ ਜਿਲ੍ਹਾ ਪੱਧਰ ਦੇ ਟੂਰਨਾਮੈਂਟ, ਅੰਤਰ ਜਿਲ੍ਹਾ ਖੇਡਾਂ ਦੇ ਕੈਲੰਡਰ ਅਨੁਸਾਰ ਘੱਟੋ-ਘੱਟ ਇੱਕ ਮਹੀਨਾ ਪਹਿਲਾਂ ਕਰਵਾਏਗੀ।
2. ਜਿਲ੍ਹਾ ਪੱਧਰ ਦੇ ਜੇਤੂ ਖਿਡਾਰੀਆਂ ਨੂੰ ਸਰਟੀਫਿਕੇਟ, ਤਗ਼ਮੇ ਅਤੇ ਟਰਾਫ਼ੀਆਂ ਨਾਲ ਸਨਮਾਨਿਤ ਕਰੇਗੀ।
3. ਕਮੇਟੀ ਖੇਡ ਮੁਕਾਬਲਿਆਂ ਦੇ ਸੁਚਾਰੂ ਸੰਚਾਲਨ ਲਈ ਸੈਕੰਡਰੀ ਵਿਭਾਗ ਦੇ ਸਰੀਰਿਕ ਸਿੱਖਿਆ ਅਧਿਆਪਕਾਂ ਦੀਆਂ ਸੇਵਾਵਾਂ ਲਵੇਗੀ।
4. ਅੰਤਰ ਜਿਲ੍ਹਾ ਪੱਧਰ ਦੇ ਮੁਕਾਬਲਿਆਂ ਲਈ ਖਿਡਾਰੀਆਂ ਦੀ ਚੋਣ ਜਿਲ੍ਹਾ ਕਮੇਟੀ ਵੱਖ-ਵੱਖ ਖੇਡਾਂ ਲਈ ਖੇਡ ਮਾਹਿਰਾਂ ਦੀਆਂ ਕਮੇਟੀਆਂ ਬਣਾਕੇ ਕਰੇਗੀ ਅਤੇ ਵੱਖ-ਵੱਖ ਖੇਡਾਂ ਲਈ ਟੀਮਾਂ/ਖਿਡਾਰੀਆਂ ਦੇ ਘੱਟੋ-ਘੱਟ 10-10 ਦਿਨਾਂ ਦੇ ਸਿਖਲਾਈ ਕੈਂਪ ਲਗਾਏਗੀ।
5. ਉਕਤ ਕਮੇਟੀ ਖਿਡਾਰੀਆਂ ਦੀ ਪਾਤਰਤਾ (ਉਮਰ, ਦਾਖਲਾ, ਜਮਾਤ ਅਤੇ ਵਜ਼ਨ) ਸਬੰਧੀ ਵਿਭਾਗ ਦੇ ਨਿਰਧਾਰਤ ਨਿਯਮਾਂ ਅਨੁਸਾਰ ਪਰਖ ਕਰੇਗੀ।
6. ਖੇਡ ਮੁਕਾਬਲਿਆਂ ਦੌਰਾਨ ਪੈਦਾ ਹੋਣ ਵਾਲੇ ਵਿਵਾਦਾਂ ਦਾ ਵਿਭਾਗ/ਖੇਡ ਨਿਯਮਾਂ ਅਨੁਸਾਰ ਨਿਪਟਾਰਾ ਕਰੇਗੀ। ਖੇਡ ਜਾਬਤੇ ਤੇ ਨਿਯਮਾਂ ਦੀ ਉਲੰਘਣਾ ਕਰਨ ਵਾਲੀ ਟੀਮ ਜਾਂ ਖਿਡਾਰੀ ਖਿਲਾਫ ਬਣਦੀ ਕਾਰਵਾਈ ਕਰੇਗੀ। ਜੇਕਰ ਕੋਈ ਟੀਮ ਇੰਚਾਰਜ/ਅਧਿਆਪਕ ਕਿਸੇ ਵੀ ਨਿਯਮ ਦੀ ਉਲੰਘਣਾ ਕਰਦਾ ਹੈ ਤਾਂ ਉਕਤ ਕਮੇਟੀ ਇਸ ਸਬੰਧੀ ਲੋੜੀਂਦੀ ਕਾਰਵਾਈ ਕਰਨ ਲਈ ਡੀ.ਪੀ.ਆਈ.(ਐ.ਸਿੱ.)ਨੂੰ ਸਿਫਾਰਸ਼ ਕਰੇਗੀ।
7. ਅੰਤਰ ਜਿਲ੍ਹਾ ਖੇਡਾਂ ਦੌਰਾਨ ਜੇਤੂ ਟੀਮਾਂ/ਖਿਡਾਰੀਆਂ ਦੇ ਇੰਚਾਰਜ/ਅਧਿਆਪਕਾਂ ਨੂੰ ਸਨਮਾਨਿਤ ਕਰੇਗੀ।
8. ਖਿਡਾਰੀਆਂ ਨੂੰ ਇੱਕ ਮੈਚ/ਈਵੈਂਟ 'ਚ ਹਿੱਸਾ ਲੈਣ 'ਤੇ 20/- ਰੁਪਏ ਅਤੇ ਇੱਕ ਤੋਂ ਜਿਆਦਾ ਮੈਚ/ਈਵੈਂਟ ਲਈ 40 ਰੁਪਏ ਪ੍ਰਤੀ ਦਿਨ ਰਿਫਰੈਸ਼ਮੈਂਟ ਦਿੱਤੀ ਜਾਵੇਗੀ।
9. ਜਿਲ੍ਹਾ ਪੱਧਰੀ ਖੇਡਾਂ ਲਈ ਖਿਡਾਰੀਆਂ ਨੂੰ ਕਿਰਾਇਆ ਅਤੇ ਰਿਫਰੈਸ਼ਮੈਂਟ ਜਿਲ੍ਹਾ ਖੇਡ ਕਮੇਟੀ ਵੱਲੋਂ ਪ੍ਰਦਾਨ ਕੀਤਾ ਜਾਵੇਗਾ।

## (ੲ) ਅੰਤਰ ਜਿਲ੍ਹਾ ਪੱਧਰ ਖੇਡ ਕਮੇਟੀ

**ਨਿਯਮ:-**

1. ਹਰੇਕ ਅੰਤਰ ਜਿਲ੍ਹਾ ਪੱਧਰ 'ਤੇ ਇੱਕ 5 ਮੈਂਬਰੀ ਖੇਡ ਕਮੇਟੀ ਜਿਲ੍ਹਾ ਪੱਧਰ ਦੇ ਟੂਰਨਾਮੈਂਟਾਂ ਨੂੰ ਸੰਚਾਲਤ ਕਰਨ ਲਈ ਬਣਾਈ ਜਾਵੇ।
2. ਇਸ ਕਮੇਟੀ ਵਿੱਚ ਮੇਜ਼ਬਾਨ ਜਿਲ੍ਹਾ ਸਿੱਖਿਆ ਅਫਸਰ (ਐ.ਸਿੱ.) ਪ੍ਰਬੰਧਕੀ ਸਕੱਤਰ ਹੋਵੇਗਾ।
3. ਅੰਤਰ ਜਿਲ੍ਹਾ ਪੱਧਰ ਦੇ ਟੂਰਨਾਮੈਂਟਾਂ ਦੇ ਸੰਚਾਲਨ ਲਈ ਸੈਕੰਡਰੀ ਵਿੰਗ ਦੇ ਸਰੀਰਕ ਸਿੱਖਿਆ ਅਧਿਆਪਕਾਂ ਦੀਆਂ ਡਿਊਟੀਆਂ ਸਬੰਧਤ ਜਿਲ੍ਹਾ ਸਿੱਖਿਆ ਅਫਸਰ (ਸੈ.ਸਿੱ.), **ਜਿਲ੍ਹਾ ਸਪੋਰਟਸ ਕੋਆਰਡੀਨੇਟਰ** ਰਾਹੀਂ ਲਗਾਈਆਂ ਜਾਣਗੀਆਂ।

ਪ੍ਰਧਾਨ- ਡਾਇਰੈਕਟਰ ਸਿੱਖਿਆ ਵਿਭਾਗ (ਐਲੀ.ਸਿੱ.)
ਸੀਨੀ ਮੀਤ ਪ੍ਰਧਾਨ- ਡਿਪਟੀ ਡਾਇਰੈਕਟਰ (ਫਿਜੀਕਲ ਐਜੂਕੇਸ਼ਨ)
ਸਕੱਤਰ ਕਮ ਵਿੱਤ ਸਕੱਤਰ ਜਿਲ੍ਹਾ ਸਿੱਖਿਆ ਅਫਸਰ(ਐ.ਸਿ.)
ਪ੍ਰਬੰਧਕੀ ਸਕੱਤਰ- **ਜਿਲ੍ਹਾ ਸਪੋਰਟਸ ਕੋਆਰਡੀਨੇਟਰ**

**ਕੰਮ ਅਤੇ ਜਿੰਮੇਵਾਰੀਆਂ:-**

1. ਅੰਤਰ ਜਿਲ੍ਹਾ ਖੇਡ ਕਮੇਟੀ ਰਾਜ ਪੱਧਰੀ ਖੇਡ ਮੁਕਾਬਲਿਆਂ ਲਈ ਹਰ ਸਾਲ ਮੇਜਬਾਨ ਜਿਲ੍ਹੇ ਦੀ ਚੋਣ ਕਰੇਗੀ।

2. ਅੰਤਰ ਜਿਲ੍ਹਾ ਖੇਡਾਂ ਦੀ ਰੂਪ-ਰੇਖਾ ਘੱਟੋ-ਘੱਟ ਤਿੰਨ ਮਹੀਨੇ ਪਹਿਲਾਂ ਡਿਪਟੀ ਡਾਇਰੈਕਟਰ (**ਫਿਜੀਕਲ ਐਜੂਕੇਸਨ**) ਅਤੇ **ਸਲਾਹਕਾਰ-ਕਮ-ਸਿਕਾਇਤ ਨਿਵਾਰਨ ਕਮੇਟੀ** ਰਾਹੀਂ ਉਲੀਕ ਕੇ, ਰਾਜ ਦੇ ਸਾਰੇ ਜਿਲ੍ਹਾ ਸਿੱਖਿਆ ਅਫਸਰ (ਐ.ਸਿੱ.) ਨੂੰ ਸੂਚਿਤ ਕਰੇਗੀ।
3. ਉਕਤ ਕਮੇਟੀ ਰਾਜ ਪੱਧਰੀ ਖੇਡਾਂ ਲਈ ਮਿਆਰੀ ਖੇਡ ਮੈਦਾਨ, ਰਿਹਾਇਸ਼, ਇਨਾਮ (ਤਗਮੇ,ਸਰਟੀਫਿਕੇਟ, ਟਰਾਫੀਆਂ) ਪ੍ਰਦਾਨ ਕਰਨ ਦਾ ਪ੍ਰਬੰਧ ਕਰੇਗੀ।ਸਰਟੀਫਿਕੇਟ ਖੇਡਾਂ ਦੇ ਆਖਰੀ ਦਿਨ ਸਾਰੇ ਖਿਡਾਰੀਆਂ ਨੂੰ ਪ੍ਰਦਾਨ ਕੀਤੇ ਜਾਣੇ ਲਾਜ਼ਮੀ ਹਨ।
4. ਖਿਡਾਰੀਆਂ ਨੂੰ ਇਨਾਮ ਦੇਣ ਦੇ ਨਾਲ-ਨਾਲ ਸਬੰਧਤ ਟੀਮ ਇੰਚਾਰਜਾਂ ਨੂੰ ਵੀ ਸਨਮਾਨਿਤ ਕਰਨਾ ਉਕਤ ਖੇਡ ਕਮੇਟੀ ਦੀ ਜਿੰਮੇਵਾਰੀ ਹੋਵੇਗੀ।
5. ਉਕਤ ਕਮੇਟੀ ਖਿਡਾਰੀਆਂ ਦੀ ਪਾਤਰਤਾ (ਉਮਰ, ਦਾਖਲਾ, ਜਮਾਤ ਅਤੇ ਵਜ਼ਨ) ਸਬੰਧੀ ਨਿਰੀਖਣ ਕਰੇਗੀ।
6. ਅੰਤਰ ਜਿਲ੍ਹਾ ਖੇਡਾਂ ਲਈ ਹੋਣ ਵਾਲਾ ਖਰਚਾ ਸਬੰਧਤ ਜਿਲ੍ਹਾ ਸਿੱਖਿਆ ਅਫਸਰ (ਐ.ਸਿੱ.),ਡੀ.ਪੀ.ਆਈ. (ਐ.ਸਿੱ) ਤੋਂ ਪ੍ਰਾਪਤ ਕਰੇਗਾ।
7. ਉਕਤ ਕਮੇਟੀ ਖੇਡ ਜਾਬਤੇ ਤੇ ਨਿਯਮਾਂ ਦੀ ਉਲੰਘਣਾ ਕਰਨ ਵਾਲੀ ਟੀਮ ਜਾਂ ਖਿਡਾਰੀ ਖਿਲਾਫ ਬਣਦੀ ਕਾਰਵਾਈ ਕਰੇਗੀ, ਜੇਕਰ ਕੋਈ ਟੀਮ ਇੰਚਾਰਜ/ਅਧਿਆਪਕ ਕਿਸੇ ਵੀ ਨਿਯਮ ਦੀ ਉਲੰਘਣਾ ਕਰਦਾ ਹੈ।
8. ਅੰਤਰ ਜਿਲ੍ਹਾ ਖੇਡਾਂ ਦੌਰਾਨ ਖਿਡਾਰੀਆਂ ਨੂੰ 200 ਰੁਪਏ ਰੋਜ਼ਾਨਾ ਖੁਰਾਕੀ ਭੱਤਾ ਅਤੇ ਆਉਣ ਜਾਣ ਦਾ ਕਿਰਾਇਆ ਕਮੇਟੀ ਵੱਲੋਂ ਪ੍ਰਦਾਨ ਕੀਤਾ ਜਾਵੇਗਾ।

## 4.0 ਸੈਕੰਡਰੀ ਵਿਭਾਗ ਦੀਆਂ ਖੇਡ ਕਮੇਟੀਆਂ

### (ੳ) ਜੋਨਲ ਕਮੇਟੀ

### ਨਿਯਮ

4.1 ਜੋਨਲ ਖੇਡ ਕਮੇਟੀ ਦਾ ਗਠਨ ਵਿਦਿਅਕ ਵਰ੍ਹੇ ਦੇ ਅਰੰਭ ਵਿੱਚ (1 ਤੋਂ 15 ਅਪ੍ਰੈਲ ਤੱਕ) 2 ਸਾਲ ਲਈ ਕੀਤਾ ਜਾਵੇਗਾ ਜਿਸ ਦੇ 7 ਮੈਂਬਰ ਹੋਣਗੇ।

4.2 ਜੋਨਲ ਕਮੇਟੀ ਦਾ ਪ੍ਰਧਾਨ ਜੋਨਲ ਹੈਡਕੁਆਰਟਰ ਸਕੂਲ ਦਾ ਮੁਖੀ ਹੋਵੇਗਾ।

4.3 ਪ੍ਰਧਾਨ ਤੋਂ ਇਲਾਵਾ ਹੋਰਨਾਂ ਅਹੁਦੇਦਾਰਾਂ ਦੀ ਚੋਣ ਜੋਨ ਦੇ ਸਾਰੇ ਸਰੀਰਕ ਸਿੱਖਿਆ ਅਧਿਆਪਕ ਆਪਣੀ ਸਹਿਮਤੀ ਨਾਲ ਕਰਨਗੇ। ਜੇਕਰ (ਬਦਲੀ/ਸੇਵਾ ਮੁਕਤੀ/ ਮੌਤ/ਕਿਸੇ ਹੋਰ ਕਾਰਨ) ਕੋਈ ਅਹੁਦਾ ਖਾਲੀ ਹੁੰਦਾ ਹੈ ਤਾਂ ਉਸ ਥਾਂ ਉਤੇ ਨਾਮਜਦਗੀ ਕਰਨ ਦਾ ਅਧਿਕਾਰ ਪ੍ਰਧਾਨ ਜੋਨਲ ਖੇਡ ਕਮੇਟੀ ਕੋਲ ਹੋਵੇਗਾ।

4.4 ਜੋਨਲ ਕਮੇਟੀ ਦਾ ਸਕੱਤਰ ਹੀ ਪ੍ਰਬੰਧਕੀ ਸਕੱਤਰ ਹੋਵੇਗਾ।

**ਬਣਤਰ**

| | |
|---|---|
| ਪ੍ਰਧਾਨ | ਪ੍ਰਿੰਸੀਪਲ |
| ਸਕੱਤਰ/ਪ੍ਰਬੰਧਕੀ ਸਕੱਤਰ | ਸਰੀਰਕ ਸਿੱਖਿਆ ਲੈਕਚਰਾਰ/ਸਰੀਰਕ ਸਿੱਖਿਆ ਅਧਿਆਪਕ |
| ਖਜਾਨਚੀ | ਸਰੀਰਕ ਸਿੱਖਿਆ ਲੈਕਚਰਾਰ/ਸਰੀਰਕ ਸਿੱਖਿਆ ਅਧਿਆਪਕ |
| ਮੈਂਬਰ | ਚਾਰ ਸਰੀਰਕ ਸਿੱਖਿਆ ਲੈਕਚਰਾਰ/ਸਰੀਰਕ ਸਿੱਖਿਆ ਅਧਿਆਪਕ (ਦੋ ਪੁਰਸ਼ ਤੇ ਦੋ ਔਰਤ ਅਧਿਆਪਕ ਲਾਜ਼ਮੀ) |

**ਕੰਮ ਤੇ ਜਿੰਮੇਵਾਰੀਆਂ:-**

1. ਜੋਨਲ ਕਮੇਟੀ ਜੋਨ ਪੱਧਰ ਦੇ ਟੂਰਨਾਮੈਂਟ, ਜਿਲ੍ਹਾ ਪੱਧਰੀ ਟੂਰਨਾਮੈਂਟ ਤੋਂ ਘੱਟੋ-ਘੱਟ ਇੱਕ ਮਹੀਨਾ ਪਹਿਲਾਂ ਕਰਵਾਏਗੀ।
2. ਜੋਨ ਪੱਧਰ ਦੇ ਜੇਤੂ ਖਿਡਾਰੀਆਂ ਨੂੰ ਸਰਟੀਫਿਕੇਟ, ਤਗਮੇ ਅਤੇ ਟਰਾਫੀਆਂ ਨਾਲ ਸਨਮਾਨਿਤ ਕਰੇਗੀ।

3 ਜੋਨਲ ਕਮੇਟੀ ਖੇਡ ਮੁਕਾਬਲਿਆਂ ਦੇ ਸੁਚਾਰੂ ਸੰਚਾਲਨ ਲਈ ਸੈਕੰਡਰੀ ਵਿਭਾਗ ਦੇ ਸਰੀਰਕ ਸਿੱਖਿਆ ਅਧਿਆਪਕਾਂ ਦੀਆਂ ਸੇਵਾਵਾਂ ਲਵੇਗੀ।

4 ਜਿਲ੍ਹਾ ਪੱਧਰ ਦੇ ਮੁਕਾਬਲਿਆਂ ਲਈ ਖਿਡਾਰੀਆਂ ਦੀ ਚੋਣ ਜੋਨਲ ਕਮੇਟੀ ਵੱਖ-ਵੱਖ ਖੇਡਾਂ ਲਈ ਖੇਡ ਮਾਹਿਰਾਂ ਦੀਆਂ ਕਮੇਟੀਆਂ ਬਣਾਕੇ ਕਰੇਗੀ ਅਤੇ ਲੋੜ ਅਨੁਸਾਰ ਸਿਖਲਾਈ ਕੈਂਪ ਲਗਾਏਗੀ।

5 ਜੋਨਲ ਕਮੇਟੀ ਖਿਡਾਰੀਆਂ ਦੀ ਪਾਤਰਤਾ (ਉਮਰ, ਦਾਖਲਾ, ਜਮਾਤ ਅਤੇ ਵਜ਼ਨ) ਸਬੰਧੀ ਵਿਭਾਗ ਦੇ ਨਿਰਧਾਰਤ ਨਿਯਮਾਂ ਅਨੁਸਾਰ ਪਰਖ ਕਰੇਗੀ।

6 ਖੇਡ ਮੁਕਾਬਲਿਆਂ ਦੌਰਾਨ ਪੈਦਾ ਹੋਣ ਵਾਲੇ ਵਿਵਾਦਾਂ ਦਾ ਵਿਭਾਗ/ਖੇਡ ਨਿਯਮਾਂ ਅਨੁਸਾਰ ਨਿਪਟਾਰਾ ਕਰੇਗੀ। ਖੇਡ ਜਾਬਤੇ ਤੇ ਨਿਯਮਾਂ ਦੀ ਉਲੰਘਣਾ ਕਰਨ ਵਾਲੀ ਟੀਮ ਜਾਂ ਖਿਡਾਰੀ ਖਿਲਾਫ ਬਣਦੀ ਕਾਰਵਾਈ ਕਰੇਗੀ। ਜੇਕਰ ਕੋਈ ਟੀਮ ਇੰਚਾਰਜ/ਅਧਿਆਪਕ ਕਿਸੇ ਵੀ ਨਿਯਮ ਦੀ ਉਲੰਘਣਾ ਕਰਦਾ ਹੈ ਤਾਂ ਉਕਤ ਕਮੇਟੀ ਇਸ ਸਬੰਧੀ ਲੋੜੀਦੀ ਕਾਰਵਾਈ ਕਰਨ ਲਈ ਜਿਲ੍ਹਾ ਸਿੱਖਿਆ ਅਫਸਰ (ਸੈ.ਸਿੱ.) ਨੂੰ ਸਿਫਾਰਸ਼ ਕਰੇਗੀ।

7. ਖਿਡਾਰੀਆਂ ਨੂੰ ਇੱਕ ਮੈਚ/ਈਵੈਂਟ 'ਚ ਹਿੱਸਾ ਲੈਣ 'ਤੇ 20/- ਰੁਪਏ ਅਤੇ ਇੱਕ ਤੋਂ ਜਿਆਦਾ ਮੈਚ/ਈਵੈਂਟ ਲਈ 40 ਰੁਪਏ ਪ੍ਰਤੀ ਦਿਨ ਰਿਫਰੈਸ਼ਮੈਂਟ ਦਿੱਤੀ ਜਾਵੇਗੀ।

8. ਜਿਲ੍ਹਾ ਕਮੇਟੀ ਵੱਲੋਂ ਜੋਨਲ ਖੇਡਾਂ ਦੇ ਸੰਚਾਲਨ ਦੇ ਖਰਚ ਲਈ 10 ਹਜ਼ਾਰ ਰੁਪਏ ਦਿੱਤੇ ਜਾਣਗੇ ਅਤੇ ਸਰਟੀਫਿਕੇਟ ਜਿਲ੍ਹਾ ਕਮੇਟੀ ਵੱਲੋਂ ਛਪਵਾਕੇ ਦਿੱਤੇ ਜਾਣਗੇ।

9. ਖੇਡਾਂ ਦੇ ਆਖਰੀ ਦਿਨ ਖਿਡਾਰੀਆਂ ਨੂੰ ਸਰਟੀਫਿਕੇਟ ਲਾਜ਼ਮੀ ਤੌਰ 'ਤੇ ਪ੍ਰਦਾਨ ਕੀਤੇ ਜਾਣਗੇ।

10. ਖਿਡਾਰੀਆਂ ਦੇ ਆਉਣ-ਜਾਣ ਦਾ ਕਿਰਾਇਆ ਅਤੇ ਰਿਫਰੈਸ਼ਮੈਂਟ ਸਬੰਧਤ ਸਕੂਲ ਵੱਲੋਂ ਸਪੋਰਟਸ ਫੰਡ ਜਾਂ ਕਿਸੇ ਵੀ ਹੋਰ ਫੰਡ 'ਚੋਂ ਪ੍ਰਦਾਨ **ਕੀਤਾ ਜਾਵੇਗਾ**।

## (ਅ)ਜਿਲ੍ਹਾ ਪੱਧਰੀ ਖੇਡ ਕਮੇਟੀ (ਸੈ:ਸਿ:)

### ਨਿਯਮ

1. ਜਿਲ੍ਹਾ ਖੇਡ ਕਮੇਟੀ ਦਾ ਗਠਨ ਵਿਦਿਅਕ ਵਰ੍ਹੇ ਦੇ ਅਰੰਭ ਵਿੱਚ (1 ਤੋਂ 15 ਅਪ੍ਰੈਲ ਤੱਕ) 2 ਸਾਲ ਲਈ ਕੀਤਾ ਜਾਵੇਗਾ ਜਿਸ ਦੇ 9 ਮੈਂਬਰ ਹੋਣਗੇ।
2. ਜਿਲ੍ਹਾ ਕਮੇਟੀ ਦਾ ਪ੍ਰਧਾਨ ਜਿਲ੍ਹਾ ਸਿੱਖਿਆ ਅਫਸਰ (ਸੈ.ਸਿੱ.) ਹੋਵੇਗਾ।
3. ਪ੍ਰਧਾਨ ਤੋਂ ਇਲਾਵਾ ਹੋਰਨਾਂ ਅਹੁਦੇਦਾਰਾਂ ਦੀ ਚੋਣ ਜਿਲ੍ਹੇ ਦੇ ਸਾਰੇ ਪ੍ਰਿੰਸੀਪਲ/ਮੁੱਖ ਅਧਿਆਪਕ ਅਤੇ ਜੋਨ ਸਕੱਤਰ ਕਰਨਗੇ। ਜੇਕਰ (ਬਦਲੀ/ਸੇਵਾ ਮੁਕਤੀ/ ਮੌਤ/ਕਿਸੇ ਹੋਰ ਕਾਰਨ) ਕੋਈ ਅਹੁਦਾ ਖਾਲੀ ਹੁੰਦਾ ਹੈ ਤਾਂ ਉਸ ਥਾਂ ਉਤੇ ਨਾਮਜਦਗੀ ਕਰਨ ਦਾ ਅਧਿਕਾਰ ਪ੍ਰਧਾਨ ਜਿਲ੍ਹਾ ਖੇਡ ਕਮੇਟੀ ਕੋਲ ਹੋਵੇਗਾ।
4. ਜਿਲ੍ਹਾ ਕਮੇਟੀ ਦਾ ਪ੍ਰਬੰਧਕੀ/ਵਿੱਤ ਸਕੱਤਰ **ਜਿਲ੍ਹਾ ਸਪੋਰਟਸ ਕੋਆਰਡੀਨੇਟਰ** ਹੋਵੇਗਾ।

### ਬਣਤਰ

| | |
|---|---|
| ਪ੍ਰਧਾਨ:- | ਜਿਲ੍ਹਾ ਸਿੱਖਿਆ ਅਫ਼ਸਰ (ਸੈ:ਸਿ:)। |
| ਸੀਨੀ.ਮੀਤਪ੍ਰਧਾਨ:- | ਪ੍ਰਿੰਸੀਪਲ./ਮੁੱਖ ਅਧਿਆਪਕ,ਮੁੱਖ ਅਧਿਆਪਿਕਾ । |
| ਮੀਤ ਪ੍ਰਧਾਨ:- | ਪ੍ਰਿੰਸੀਪਲ/ਮੁੱਖ ਅਧਿਆਪਕ (ਪੁਰਸ਼)। |
| ਮੀਤ ਪ੍ਰਧਾਨ:- | ਪ੍ਰਿਸੀਪਲ/ਮੁੱਖ ਅਧਿਆਪਿਕਾ ( ਇਸਤਰੀ )। |
| ਜਨਰਲ ਸਕੱਤਰ | ਲੈਕ.(ਫਿਜੀ.ਐਜੂ:)/ਸਰੀਰਕ ਸਿੱਖਿਆ ਅਧਿਆਪਕ । |
| ਪ੍ਰਬੰਧਕੀ/ਵਿੱਤ ਸਕੱਤਰ:- | **ਜਿਲ੍ਹਾ ਸਪੋਰਟਸ ਕੋਆਰਡੀਨੇਟਰ** । |
| ਸਹਾਇਕ ਸਕੱਤਰ :- | ਲੈਕ.(ਫਿਜੀ.ਐਜੂ:)/ਸਰੀਰਕ ਸਿੱਖਿਆ ਅਧਿਆਪਕ |
| ਆਡੀਟਰ:- | ਜਿਲ੍ਹਾ ਸਿੱਖਿਆ ਦਫਤਰ ਦਾ ਸੈਕਸ਼ਨ ਅਫਸਰ **ਜਾਂ ਜਿਲ੍ਹੇ ਦੀ ਅੰਦਰੂਨੀ ਪੜਤਾਲ ਸੰਸਥਾ ਦਾ ਆਡੀਟਰ** |
| ਟੈਕਨੀਕਲ ਮੈਂਬਰ:- | ਲੈਕ.(ਫਿਜੀ.ਐਜੂ:)/ਸਰੀਰਿਕ ਸਿੱਖਿਆ ਅਧਿਆਪਕ |

### ਕੰਮ ਤੇ ਜਿੰਮੇਵਾਰੀਆਂ:-

1. ਜਿਲ੍ਹਾ ਕਮੇਟੀ ਜਿਲ੍ਹਾ ਪੱਧਰ ਦੇ ਟੂਰਨਾਮੈਂਟ, ਰਾਜ ਪੱਧਰੀ ਟੂਰਨਾਮੈਂਟ ਤੋਂ ਘੱਟੋ-ਘੱਟ ਇੱਕ ਮਹੀਨਾ ਪਹਿਲਾਂ ਕਰਵਾਏਗੀ।

2 ਜਿਲ੍ਹਾ ਪੱਧਰ ਦੇ ਜੇਤੂ ਖਿਡਾਰੀਆਂ ਨੂੰ ਸਰਟੀਫਿਕੇਟ, ਤਗਮੇ ਅਤੇ ਟਰਾਫੀਆਂ ਨਾਲ ਸਨਮਾਨਿਤ ਕਰੇਗੀ। ਸਰਟੀਫਿਕੇਟ ਖੇਡਾਂ ਦੇ ਸਮਾਪਤੀ ਦੇ ਆਖਰੀ ਦਿਨ ਖਿਡਾਰੀ ਨੂੰ ਪ੍ਰਦਾਨ ਕੀਤੇ ਜਾਣੇ ਲਾਜ਼ਮੀ ਹੋਣਗੇ।

3 ਜਿਲ੍ਹਾ ਪੱਧਰੀ ਖੇਡਾਂ 'ਤੇ ਹੋਣ ਵਾਲਾ ਖਰਚਾ ਜਿਲ੍ਹਾ ਕਮੇਟੀ ਸਾਰੇ ਸਕੂਲਾਂ ਤੋਂ ਇਕੱਤਰ ਕੀਤੀ ਟੂਰਨਾਮੈਂਟ ਫੀਸ (5 ਫੀਸਦੀ ਅਮਲਗਾਮੇਟਡ ਫੰਡ ਪ੍ਰਤੀ ਸਕੂਲ) 'ਚੋਂ ਕਰੇਗੀ।

4 ਜਿਲ੍ਹਾ ਕਮੇਟੀ ਖੇਡ ਮੁਕਾਬਲਿਆਂ ਦੇ ਸੁਚਾਰੂ ਸੰਚਾਲਨ ਲਈ ਸਿਰਫ ਸੈਕੰਡਰੀ ਵਿਭਾਗ ਦੇ ਸਰੀਰਿਕ ਸਿੱਖਿਆ ਅਧਿਆਪਕਾਂ ਦੀਆਂ ਸੇਵਾਵਾਂ ਲਵੇਗੀ।

5 **ਰਾਜ ਪੱਧਰ ਦੇ ਮੁਕਾਬਲਿਆਂ ਲਈ ਖਿਡਾਰੀਆਂ ਦੀ ਚੋਣ ਜਿਲ੍ਹਾ ਕਮੇਟੀ ਸਿੱਖਿਆ ਵਿਭਾਗ ਦੇ ਵੱਖ-2 ਖੇਡਾਂ ਲਈ ਖੇਡ ਮਾਹਿਰਾਂ ਦੀਆਂ ਕਮੇਟੀਆਂ ਬਣਾ ਕੇ ਕਰੇਗੀ। ਜੇਕਰ ਕਿਸੇ ਖੇਡ ਨਾਲ ਸਬੰਧਤ ਖੇਡ ਮਾਹਿਰ ਅਧਿਆਪਕ ਜਿਲ੍ਹੇ ਦੇ ਸਰਕਾਰੀ ਸਕੂਲਾਂ ਵਿੱਚ ਉਪਲਬੱਧ ਨਾ ਹੋਵੇ ਤਾਂ ਕਿਸੇ ਹੋਰ ਸੰਸਥਾ ਤੋਂ ਖੇਡ ਮਾਹਿਰ ਦੀਆਂ ਸੇਵਾਵਾਂ ਲਈਆਂ ਜਾਣਗੀਆਂ।**

6.ਜਿਲ੍ਹਾ ਕਮੇਟੀ ਖਿਡਾਰੀਆਂ ਦੀ ਪਾਤਰਤਾ (ਉਮਰ, ਦਾਖਲਾ, ਜਮਾਤ ਅਤੇ ਵਜ਼ਨ) ਸਬੰਧੀ ਵਿਭਾਗ ਦੇ ਨਿਰਧਾਰਤ ਨਿਯਮਾਂ ਅਨੁਸਾਰ ਪਰਖ ਕਰੇਗੀ।

7 ਖੇਡ ਮੁਕਾਬਲਿਆਂ ਦੌਰਾਨ ਪੈਦਾ ਹੋਣ ਵਾਲੇ ਵਿਵਾਦਾਂ ਦਾ ਵਿਭਾਗ/ਖੇਡ ਨਿਯਮਾਂ ਅਨੁਸਾਰ ਨਿਪਟਾਰਾ ਕਰੇਗੀ। ਖੇਡ ਜਾਬਤੇ ਤੇ ਨਿਯਮਾਂ ਦੀ ਉਲੰਘਣਾ ਕਰਨ ਵਾਲੀ ਟੀਮ ਜਾਂ ਖਿਡਾਰੀ ਖਿਲਾਫ ਬਣਦੀ ਕਾਰਵਾਈ ਕਰੇਗੀ। ਜੇਕਰ ਕੋਈ ਟੀਮ ਇੰਚਾਰਜ/ਅਧਿਆਪਕ ਕਿਸੇ ਵੀ ਨਿਯਮ ਦੀ ਉਲੰਘਣਾ ਕਰਦਾ ਹੈ ਤਾਂ ਉਕਤ ਕਮੇਟੀ ਇਸ ਸਬੰਧੀ ਲੋੜੀਦੀ ਕਾਰਵਾਈ ਕਰਨ ਲਈ ਜਿਲ੍ਹਾ ਸਿੱਖਿਆ ਅਫਸਰ (ਸੈ.ਸਿੱ.) ਨੂੰ ਸਿਫਾਰਸ਼ ਕਰੇਗੀ।

8. ਖਿਡਾਰੀਆਂ ਨੂੰ ਇੱਕ ਮੈਚ/ਈਵੈਂਟ 'ਚ ਹਿੱਸਾ ਲੈਣ 'ਤੇ 20/- ਰੁਪਏ ਅਤੇ ਇੱਕ ਤੋਂ ਜਿਆਦਾ ਮੈਚ/ਈਵੈਂਟ ਲਈ 40 ਰੁਪਏ ਪ੍ਰਤੀ ਦਿਨ ਰਿਫਰੈਸ਼ਮੈਂਟ ਦਿੱਤੀ ਜਾਵੇਗੀ।

9. **ਜਿਲ੍ਹਾ ਟੂਰਨਾਮੈਂਟ ਦੇ** ਸਰਟੀਫਿਕੇਟ ਜਿਲ੍ਹਾ ਕਮੇਟੀ ਵੱਲੋਂ ਛਪਵਾਕੇ ਦਿੱਤੇ ਜਾਣਗੇ।

10. ਖੇਡਾਂ ਦੇ ਆਖਰੀ ਦਿਨ ਖਿਡਾਰੀਆਂ ਨੂੰ ਸਰਟੀਫਿਕੇਟ ਲਾਜ਼ਮੀ ਤੌਰ 'ਤੇ ਪ੍ਰਦਾਨ ਕੀਤੇ ਜਾਣਗੇ।

11. ਖਿਡਾਰੀਆਂ ਦੇ ਆਉਣ-ਜਾਣ ਦਾ ਕਿਰਾਇਆ ਅਤੇ ਰਿਫਰੈਸ਼ਮੈਂਟ ਸਬੰਧਤ ਸਕੂਲ ਵੱਲੋਂ ਸਪੋਰਟਸ ਫੰਡ 'ਚੋਂ ਪ੍ਰਦਾਨ ਕੀਤੀ ਜਾਵੇਗੀ।

## (ਏ)ਰਾਜ ਪੱਧਰੀ ਖੇਡ ਕਮੇਟੀ (ਸੈਕੰਡਰੀ)

**ਬਣਤਰ**

| | |
|---|---|
| ਪ੍ਰਧਾਨ:- | **ਡਾਇਰੈਕਟਰ ਸਿੱਖਿਆ ਵਿਭਾਗ (ਐਸਿ)** |
| ਸੀਨੀ.ਮੀਤ.ਪ੍ਰਧਾਨ:- | ਡਿਪਟੀ ਡਾਇਰੈਕਟਰ ( ਫਿਜੀ.ਐਜੂ:) |
| ਸਕੱਤਰ ਕਮ ਵਿੱਤ ਸਕੱਤਰ:- | ਸਬੰਧਤ ਜਿਲ੍ਹਾ ਸਿੱਖਿਆ ਅਫ਼ਸਰ ( ਸੈ:ਸਿ ) |
| ਪ੍ਰਬੰਧਕੀ ਅਫ਼ਸਰ:- | **ਜਿਲ੍ਹਾ ਸਪੋਰਟਸ ਕੋਆਰਡੀਨੇਟਰ** |

**ਕੰਮ ਤੇ ਜਿੰਮੇਵਾਰੀਆਂ:-**

1. ਰਾਜ ਪੱਧਰੀ ਖੇਡ ਕਮੇਟੀ ਰਾਜ ਪੱਧਰੀ ਖੇਡਾਂ ਦਾ ਕੈਲੰਡਰ ਅਤੇ ਸਥਾਨ ਸ਼ੈਸ਼ਨ ਸ਼ੁਰੂ ਹੋਣ ਦੇ ਪਹਿਲੇ ਦੋ ਮਹੀਨਿਆਂ ਦੌਰਾਨ ਉਲੀਕ ਕੇ, ਰਾਜ ਦੇ ਸਾਰੇ ਜਿਲ੍ਹਾ ਸਿੱਖਿਆ ਅਫਸਰ (ਸੈ.ਸਿੱ.) ਨੂੰ ਸੂਚਿਤ ਕਰੇਗੀ।
2. ਉਕਤ ਕਮੇਟੀ ਰਾਜ ਪੱਧਰੀ ਖੇਡਾਂ ਲਈ ਮਿਆਰੀ ਖੇਡ ਮੈਦਾਨ, ਰਿਹਾਇਸ਼, ਇਨਾਮ (ਤਗਮੇ, ਸਰਟੀਫਿਕੇਟ ਅਤੇ ਟਰਾਫੀਆਂ) ਆਪਣੀ ਦੇਖ-ਰੇਖ 'ਚ ਤਿਆਰ ਕਰਵਾਏਗੀ।
3. ਖਿਡਾਰੀਆਂ ਨੂੰ ਇਨਾਮ ਦੇਣ ਦੇ ਨਾਲ-ਨਾਲ ਸਬੰਧਤ ਟੀਮ ਇੰਚਾਰਜਾਂ/ਤਿਆਰ ਕਰਤਾ ਨੂੰ ਵੀ ਸਨਮਾਨਿਤ ਕਰਨਾ ਉਕਤ ਖੇਡ ਕਮੇਟੀ ਦੀ ਜਿੰਮੇਵਾਰੀ ਹੋਵੇਗੀ।
4. ਉਕਤ ਕਮੇਟੀ ਖਿਡਾਰੀਆਂ ਦੀ ਪਾਤਰਤਾ (ਉਮਰ, ਦਾਖਲਾ, ਜਮਾਤ ਅਤੇ ਵਜ਼ਨ) ਸਬੰਧੀ ਨਿਰੀਖਣ ਕਰੇਗੀ।
5. ਉਕਤ ਕਮੇਟੀ ਖੇਡ ਜਾਬਤੇ ਤੇ ਨਿਯਮਾਂ ਦੀ ਉਲੰਘਣਾ ਕਰਨ ਵਾਲੀ ਟੀਮ ਜਾਂ ਖਿਡਾਰੀ ਖਿਲਾਫ ਬਣਦੀ ਕਾਰਵਾਈ ਕਰੇਗੀ। ਜੇਕਰ ਕੋਈ ਟੀਮ ਇੰਚਾਰਜ/ਅਧਿਆਪਕ ਕਿਸੇ ਵੀ ਨਿਯਮ ਦੀ ਉਲੰਘਣਾ ਕਰਦਾ ਹੈ ਤਾਂ ਉਕਤ ਕਮੇਟੀ ਇਸ ਸਬੰਧੀ ਲੋੜੀਦੀ ਕਾਰਵਾਈ ਕਰਨ ਲਈ ਡੀ.ਪੀ.ਆਈ. (ਸੈ.ਸਿੱ.) ਨੂੰ ਸਿਫਾਰਸ਼ ਕਰੇਗੀ।
6. ਅੰਤਰ ਜਿਲ੍ਹਾ ਖੇਡਾਂ ਲਈ ਹੋਣ ਵਾਲਾ ਖਰਚਾ ਸਬੰਧਤ ਜਿਲ੍ਹਾ ਸਿੱਖਿਆ ਅਫਸਰ (ਸੈ.ਸਿੱ.), ਡੀ.ਪੀ.ਆਈ.(ਐ.ਸਿੱ) ਤੋਂ ਪ੍ਰਾਪਤ ਕਰੇਗਾ।
7. ਉਕਤ ਕਮੇਟੀ ਖੇਡ ਜਾਬਤੇ ਤੇ ਨਿਯਮਾਂ ਦੀ ਉਲੰਘਣਾ ਕਰਨ ਵਾਲੀ ਟੀਮ ਜਾਂ ਖਿਡਾਰੀ ਖਿਲਾਫ ਬਣਦੀ ਕਾਰਵਾਈ ਕਰੇਗੀ। ਜੇਕਰ ਕੋਈ ਟੀਮ ਇੰਚਾਰਜ/ਅਧਿਆਪਕ ਕਿਸੇ ਵੀ ਨਿਯਮ ਦੀ ਉਲੰਘਣਾ ਕਰਦਾ ਹੈ।
8. **ਰਾਜ ਪਧੱਰੀ ਖੇਡਾਂ ਦੌਰਾਨ ਖਿਡਾਰੀਆਂ ਨੂੰ** 200/- **ਰੁਪਏ ਰੋਜਾਨਾ ਖੁਰਾਕੀ ਭੱਤਾ ਅਤੇ ਆਉਣ ਜਾਣ** ਦਾ ਕਿਰਾਇਆ **ਪਿਤਰੀ ਜਿਲ੍ਹੇ ਵੱਲੋਂ ਸਪੋਰਟਸ ਫੰਡ ਵਿੱਚੋਂ** ਦਿੱਤਾ ਜਾਵੇਗਾ ।

9. ਅੰਤਰ ਜਿਲ੍ਹਾ ਟੂਰਨਾਮੈਂਟ ਲਈ ਜਿਲ੍ਹਾ ਪੱਧਰ ਤੇ 07 ਤੋਂ 10 ਦਿਨਾਂ ਦੇ ਟੀਮਾਂ ਦੇ ਕੋਚਿੰਗ ਕੈਂਪ ਲਗਾਏ ਜਾ ਸਕਦੇ ਹਨ।

## 5.0 ਸੰਚਾਲਨ ਪ੍ਰਕਿਰਿਆ

5.1 ਸੈਂਟਰ, ਬਲਾਕ, ਜੋਨਲ,ਜਿਲ੍ਹਾ ਪੱਧਰ ਅਤੇ ਅੰਤਰ ਜਿਲ੍ਹਾ ਪੱਧਰ ਦੇ ਖੇਡ ਮੁਕਾਬਲਿਆਂ ਲਈ ਵੱਖ-ਵੱਖ ਖੇਡਾਂ ਦੀ ਚੋਣ ਕਮੇਟੀਆਂ ਬਣਾ ਕੇ ਖਿਡਾਰੀਆਂ ਦੀ ਚੋਣ ਕੀਤੀ ਜਾਵੇਗੀ।

5.2 ਰਾਜ ਪੱਧਰ ਤੇ ਵੱਖ-ਵੱਖ ਖੇਡਾਂ ਲਈ ਸਰੀਰਕ ਸਿੱਖਿਆ ਅਧਿਆਪਕਾਂ ਦੇ ਪੈਨਲ ਤਿਆਰ ਕੀਤੇ ਜਾਣਗੇ ਤਾਂ ਜੋ ਅੰਤਰ ਜਿਲ੍ਹਾ ਖੇਡ ਮੁਕਾਬਲਿਆਂ ਲਈ ਅੰਪਾਇਰਿੰਗ ਅਤੇ ਟੀਮਾਂ ਦੀ ਚੋਣ ਸਬੰਧੀ ਜਿੰਮੇਵਾਰੀਆਂ ਨਿਭਾਉਣਗੇ।

5.3 ਹਰੇਕ ਵਿਦਿਆਰਥੀ/ਵਿਦਿਆਰਥਣ ਲਈ ਕੋਈ ਨਾ ਕੋਈ ਖੇਡ ਖੇਡਣੀ ਲਾਜ਼ਮੀ ਹੋਵੇਗੀ।

5.4 ਹਰੇਕ ਸਕੂਲ ਵਿੱਚ ਫਸਟ ਏਡ ਕਿੱਟ ਜ਼ਰੂਰ ਹੋਵੇਗੀ। ਜੋ ਕਿ ਸਪੋਰਟਸ ਜਾਂ ਅਮਲ ਗਾਮਿਟਡ ਫੰਡ 'ਚੋਂ ਖਰੀਦੀ ਜਾਵੇਗੀ।

5.5 ਹਰੇਕ ਜਿਲ੍ਹੇ ਵਿੱਚ ਇਕਸਾਰਤਾ ਲਿਆਉਣ ਲਈ 10 ਖੇਡ ਜੋਨ ਬਣਾਉਣੇ ਲਾਜ਼ਮੀ ਹੋਣਗੇ।ਸਟੇਟ ਪੱਧਰ ਤੇ ਤਿਆਰ ਕੀਤੇ ਗਏ ਕਲੰਡਰ ਅਨੁਸਾਰ ਹੀ ਜਿਲ੍ਹਾ ਅਤੇ ਜੋਨਲ ਪੱਧਰ ਤੇ ਖੇਡ ਸ਼ਡਿਊਲ ਭੇਜੇ ਜਾਣਗੇ।

5.6 ਅੰਤਰ ਜਿਲ੍ਹਾ ਸਕੂਲ ਖੇਡਾਂ ਦੌਰਾਨ ਪ੍ਰਤੀਯੋਗੀ ਟੀਮ ਇੰਚਾਰਜਾਂ ਨੂੰ ਸਬੰਧਤ ਮੇਜ਼ਬਾਨ ਜਿਲ੍ਹੇ ਦੇ ਸਪੋਰਟਸ ਕੋਆਰਡੀਨੇਟਰ ਤਾਰੀਖ ਵਾਰ ਫਿਕਸਚਰ ਮੁਕਾਬਲਿਆਂ ਤੋਂ ਪਹਿਲਾ ਦੇਣਗੇ।

5.7 ਨੈਸ਼ਨਲ ਸਕੂਲ ਖੇਡਾਂ ਵਿੱਚ ਭਾਗ ਲੈਣ ਵਾਲੇ ਪੰਜਾਬ ਰਾਜ ਦੇ ਖਿਡਾਰੀਆਂ (ਵਿਅਕਤੀਗਤ ਮੁਕਾਬਲਿਆਂ ਲਈ) ਨੈਸ਼ਨਲ ਸਕੂਲ ਦੇ ਪਿਛਲੇ ਸਾਲ ਦੇ ਕੁਆਲੀਫਾਈ ਮਾਪਦੰਡ (ਪੁਜੀਸ਼ਨ/ਸਮਾਂ/ਦੂਰੀ/ਉਚਾਈ) ਪਾਸ ਕਰਨ ਉਪਰੰਤ ਹੀ ਭੇਜਿਆ ਜਾਵੇਗਾ।

5.8 ਸਕੂਲਾਂ 'ਚ ਅਜਿਹੇ ਖੇਡ ਪ੍ਰਬੰਧ ਮੁਹੱਈਆ ਕਰਵਾਏ ਜਾਣ ਤਾਂ ਜੋ ਸਕੂਲ ਦਾ ਹਰ ਵਿਦਿਆਰਥੀ ਇਕ ਖੇਡ ਕਿਰਿਆ ਵਿੱਚ ਸਕੂਲ ਪੱਧਰ ਤੇ ਭਾਗ ਲੈ ਸਕੇ। ਜਿਵੇਂ ਕਿ ਮਾਸ ਪੀ ਟੀ, ਯੋਗਾ, ਛੋਟੀਆਂ ਕਿਰਿਆਵਾਂ, ਬੈਂਡ, ਭੰਗੜਾ, ਗਿੱਧਾ, ਲੇਜੀਅਮ ਅਤੇ ਡੰਬਲ ਆਦਿ।

5.9 ਭਾਰਤ ਸਰਕਾਰ ਵੱਲੋਂ 'ਖੇਲੋ ਇੰਡੀਆ' ਅਧੀਨ ਖੇਡ ਢਾਂਚਾ (ਇੰਨਫਰਾਸਟਰਕਚਰ) ਨੂੰ ਮਜਬੂਤ ਕਰਨ ਲਈ ਚਲਾਈ ਗਈ ਸਕੀਮ ਦਾ ਲਾਭ ਪੰਜਾਬ ਰਾਜ ਦੇ ਸਕੂਲਾਂ ਵਿੱਚ ਚਲਾਉਣ ਲਈ ਵਿਭਾਗ ਵੱਲੋਂ ਕਾਰਵਾਈ ਕੀਤੀ ਜਾਵੇਗੀ।

5.10 ਜਿਹੜੇ ਅਧਿਆਪਕ ਖੇਡ ਕੋਟੇ ਰਾਹੀਂ ਭਰਤੀ ਕੀਤੇ ਜਾਂਦੇ ਹਨ ਜਾਂ ਖੇਡਾਂ ਵਿੱਚ ਰੁੱਚੀ ਰੱਖਦੇ ਹਨ। ਭਾਵੇਂ ਉਹ ਸਰੀਰਿਕ ਸਿੱਖਿਆ ਦੇ ਅਧਿਆਪਕ ਨਹੀਂ ਹਨ ਫਿਰ ਵੀ ਉਨ੍ਹਾਂ ਨੂੰ ਵਿਭਾਗ ਵੱਲੋਂ ਲਗਾਏ ਜਾਣ ਵਾਲੇ ਖੇਡ ਸੈਮੀਨਾਰਾਂ ਵਿੱਚ ਸ਼ਾਮਲ ਕੀਤਾ ਜਾਵੇਗਾ ਅਤੇ ਉਨ੍ਹਾਂ ਦੀਆਂ ਸਕੂਲੀ ਖੇਡਾਂ ਵਿੱਚ ਸੇਵਾਵਾਂ ਲਈਆਂ ਜਾਣਗੀਆਂ।

5.11 ਸਿੱਖਿਆ ਸੁਧਾਰ ਕਮੇਟੀਆਂ ਵਿੱਚ ਇੱਕ ਸਰੀਰਿਕ ਸਿੱਖਿਆ ਅਧਿਆਪਕ ਵੀ ਸ਼ਾਮਿਲ ਹੋਵੇਗਾ।

## 6.0 ਸਪੋਰਟਸ ਫੰਡ ਦੀ ਅਦਾਇਗੀ

6.1 ਸਰਕਾਰੀ/ਸਰਕਾਰੀ ਸਹਾਇਤਾ ਪ੍ਰਾਪਤ ਸਕੂਲਾਂ ਤੋਂ ਸਪੋਰਟਸ ਫੰਡ ਪ੍ਰਤੀ ਵਿਦਿਆਰਥੀ 9ਵੀਂ ਅਤੇ 10ਵੀਂ ਜਮਾਤ ਦੇ ਵਿਦਿਆਰਥੀਆਂ ਤੋਂ 15 ਰੁਪਏ ਪ੍ਰਤੀ ਮਹੀਨਾ, 11ਵੀਂ ਅਤੇ 12ਵੀਂ ਜਮਾਤ ਦੇ ਵਿਦਿਆਰਥੀਆਂ ਤੋਂ 20 ਰੁਪਏ ਪ੍ਰਤੀ ਮਹੀਨਾਂ ਵਸੂਲਿਆ ਜਾਵੇਗਾ।

ਜਿਹੜੇ ਪ੍ਰਾਈਵੇਟ ਹਾਈ/ ਸੀਨੀਅਰ ਸੈਕੰਡਰੀ ਸਕੂਲਾਂ ਵਿੱਚ ਵਿਦਿਆਰਥੀਆਂ ਦੀ ਕੁੱਲ ਗਿਣਤੀ 500 ਤੱਕ ਹੈ ਉਹਨਾਂ ਕੋਲੋਂ 25,000/- ਰੁਪਏ, 501 ਤੋਂ 1000 ਤੱਕ ਵਿਦਿਆਰਥੀ ਹਨ ਉਹਨਾਂ ਕੋਲੋਂ 50,000/- ਰੁਪਏ, 1001 ਤੋਂ 1500 ਤੱਕ ਦੇ

**ਵਿਦਿਆਰਥੀ ਵਾਲੇ ਸਕੂਲਾਂ ਤੋਂ 75000/- ਰੁਪਏ ਅਤੇ 1501 ਤੋਂ ਵੱਧ ਵਿਦਿਆਰਥੀ ਵਾਲੇ ਸਕੂਲਾਂ ਤੋਂ 1,00,000/- ਰੁਪਏ ਸਾਲਾਨਾ ਉੱਕਾ ਪੁੱਕਾ ਸਪੋਰਟਸ ਫੰਡ ਲਿਆ ਜਾਵੇਗਾ।**

6.2 ਹਰੇਕ ਸਕੂਲ ਵੱਲੋਂ ਇਕੱਤਰ ਕੀਤੇ ਗਏ ਕੁੱਲ ਸਪੋਰਟਸ ਫੰਡ ਚੋਂ 70 ਫੀਸਦੀ ਹਿੱਸਾ ਜਿਲ੍ਹਾ ਸਿੱਖਿਆ ਅਫਸਰ ਦੇ ਦਫਤਰ 'ਚ ਜਮਾਂ ਕਰਵਾਇਆ ਜਾਵੇਗਾ। ਜਿਲ੍ਹਾ ਪੱਧਰ 'ਤੇ ਇਕੱਤਰ ਹੋਏ ਕੁੱਲ ਫੰਡ ਦਾ 50% ਹਿੱਸਾ ਹਰ ਸਾਲ ਸਟੇਟ ਹੈਡ ਕੁਆਰਟਰ 'ਤੇ ਜਮਾਂ ਕਰਵਾਇਆ ਜਾਵੇਗਾ। ਸਟੇਟ ਪੱਧਰ 'ਤੇ ਇਕੱਤਰ ਹੋਏ ਕੁੱਲ ਸਲਾਨਾ ਸਪੋਰਟਸ ਫੰਡ ਦਾ 15 ਫੀਸਦੀ ਹਿੱਸਾ ਡੀ.ਪੀ.ਆਈ. (ਐ.ਸਿੱ.) ਨੂੰ ਪ੍ਰਾਇਮਰੀ ਸਕੂਲ ਖੇਡਾਂ ਦੇ ਸੰਚਾਲਨ ਲਈ ਦਿੱਤਾ ਜਾਵੇਗਾ।

6.3 ਹਰ ਸਾਲ ਨਵਾਂ ਸ਼ੈਸ਼ਨ ਆਰੰਭ ਹੋਣ 'ਤੇ ਪਿਛਲੇ ਸ਼ੈਸ਼ਨ 'ਚ ਇਕੱਤਰ ਹੋਏ ਸਪੋਰਟਸ ਫੰਡ ਦਾ ਨਿਰਧਾਰਤ ਹਿੱਸਾ ਜਿਲ੍ਹਾ ਪੱਧਰ 'ਤੇ ਸਕੂਲਾਂ ਵੱਲੋਂ 10 ਅਪ੍ਰੈਲ ਤੱਕ ਜਮਾਂ ਕਰਵਾਇਆ ਜਾਵੇਗਾ ਅਤੇ ਵੱਖ-ਵੱਖ ਜਿਲ੍ਹਿਆਂ ਵੱਲੋਂ ਸਟੇਟ ਹੈਡਕੁਆਰਟਰ ਨੂੰ ਸਪੋਰਟਸ ਫੰਡ ਦਾ ਨਿਰਧਾਰਤ ਹਿੱਸਾ 20 ਅਪ੍ਰੈਲ ਤੱਕ ਲਾਜ਼ਮੀ ਜਮਾਂ ਕਰਵਾਇਆ ਜਾਵੇਗਾ।

6.4 **ਸਪੋਰਟਸ ਫੰਡ ਜਮ੍ਹਾਂ ਕਰਵਾਏ ਬਿਨਾਂ ਜਿਹੜੇ ਸਰਕਾਰੀ/ਪ੍ਰਾਈਵੇਟ/ਏਡਿਡ/ਅਣ-ਏਡਿਡ/ਮਾਨਤਾ ਪ੍ਰਾਪਤ ਸਕੂਲਾਂ ਦੇ ਵਿਦਿਆਰਥੀ ਖੇਡਾਂ ਵਿੱਚ ਭਾਗ ਲੈਣਗੇ, ਉਸ ਜਿਲ੍ਹੇ ਦੇ ਸਪੋਰਟਸ ਕੋਆਰਡੀਨੇਟਰ ਵਿਰੁੱਧ ਪੰਜਾਬ ਸਿਵਲ ਸੇਵਾਵਾਂ (ਸਜਾ ਅਤੇ ਅਪੀਲ) ਨਿਯਮਾਂਵਲੀ 1970 ਵਿੱਚ ਉਪਬੰਧ ਅਨੁਸਾਰ ਅਨੁਸ਼ਾਸਨੀ ਕਾਰਵਾਈ ਅਰੰਭੀ ਜਾਵੇਗੀ।**

6.5 ਪੰਜਾਬ ਸਕੂਲ ਸਿੱਖਿਆ ਬੋਰਡ ਨੂੰ ਪ੍ਰਾਈਵੇਟ/ਏਡਿਡ/ਅਨ-ਏਡਿਡ/ਮਾਨਤਾ ਪ੍ਰਾਪਤ ਸਕੂਲਾਂ ਵਿੱਚ ਪ੍ਰੀਖਿਆ ਸੈਂਟਰ ਬਣਾਉਣ ਤੋਂ ਪਹਿਲਾ ਸਪੋਰਟਸ ਫੰਡ ਦੀ ਰਸੀਦ ਚੈਕ ਕਰਨੀ ਲਾਜ਼ਮੀ ਹੋਵੇਗੀ।

6.6 ਸਿੱਖਿਆ ਵਿਭਾਗ ਵੱਲੋਂ ਜਦੋਂ ਨਵੇਂ ਸਕੂਲਾਂ ਨੂੰ ਮਾਨਤਾ ਦਿੱਤੀ ਜਾਂਦੀ ਹੈ ਜਾਂ ਕੋਈ ਇਤਰਾਜ਼ ਨਹੀਂ (ਨੋ ਆਬਜੈਕਸ਼ਨ ਸਰਟੀਫਿਕੇਟ) ਦਿੱਤਾ ਜਾਂਦਾ ਹੇ ਤਾਂ ਉਸ ਸਕੂਲ ਕੋਲ ਘੱਟੋਂ-ਘੱਟ 200 ਮੀਟਰ ਦਾ ਟਰੈਕ, ਫੁੱਟਬਾਲ ਵਾਲੀਵਾਲ, ਖੋ-ਖੋ, ਕਬੱਡੀ ਆਦਿ ਦੇ ਗਰਾਊਂਡ ਬਣੇ ਹੋਣੇ ਚਾਹੀਦੇ ਹਨ।

**6.7** ਸੈਂਟਰ, ਬਲਾਕ, ਜੋਨਲ ਅਤੇ ਜਿਲ੍ਹਾ ਪੱਧਰ ਤੱਕ ਦੇ ਖੇਡ ਮੁਕਾਬਲੇ ਨਾਕ-ਆਊਟ ਵਿਧੀ ਰਾਹੀਂ ਕਰਵਾਏ ਜਾਣਗੇ। ਅੰਤਰ ਜਿਲ੍ਹਾ ਖੇਡ ਮੁਕਾਬਲੇ (ਕੇਵਲ ਕ੍ਰਿਕਟ ਖੇਡ ਨੂੰ ਛੱਡ ਕੇ) ਲੀਗ ਕਮ ਨਾਕ-ਆਊਟ ਵਿੱਧੀ ਰਾਹੀਂ ਕਰਵਾਏ ਜਾਣਗੇ।

**6.8** ਖਿਡਾਰੀ ਇਕ ਸਾਲ ਵਿਚ ਦੋ ਖੇਡਾਂ ਅਤੇ ਅਥਲੈਟਿਕਸ ਵਿੱਚ ਦੋ ਈਵੈਂਟ ਅਤੇ ਰਿਲੇਅ ਰੇਸ ਵਿੱਚ ਭਾਗ ਲੈ ਸਕੇਗਾ। ਅੰਤਰ ਜਿਲਾ ਖੇਡ ਮੁਕਾਬਲੇ ਨਾਕਆਉਟ ਵਿੱਧੀ ਰਾਹੀਂ ਕਰਵਾਏ ਜਾਣਗੇ।

## 7.0 ਉਮਰ ਤੇ ਦਾਖਲੇ ਸਬੰਧੀ ਸ਼ਰਤਾਂ

7.1 ਖਿਡਾਰੀ ਦੀ ਉਮਰ ਦਾ ਸਬੂਤ ਜਨਮ ਸਰਟੀਫਿਕੇਟ ਹੀ ਮੰਨਿਆ ਜਾਵੇਗਾ। ਜੋ ਕਿ ਕਿਸੇ ਰਾਜ ਦੇ ਰਜਿਸਟਰਾਰ (ਜਨਮ ਅਤੇ ਮੌਤ) ਵੱਲੋਂ ਜਾਰੀ ਕੀਤਾ ਹੋਵੇ।

7.2 ਖੇਡ ਮੁਕਾਬਲਿਆਂ ਲਈ ਖਿਡਾਰੀ ਦੀ ਉਮਰ ਹੱਦ ਚਾਲੂ ਸਾਲ ਦੇ 31 ਦਸੰਬਰ ਤੱਕ ਗਿਣੀ ਜਾਵੇਗੀ।ਖਿਡਾਰੀ ਸਕੂਲ ਦਾ ਰੈਗੂਲਰ ਵਿਦਿਆਰਥੀ ਹੋਣਾ ਚਾਹੀਦਾ ਹੈ। ਜੋ ਸਕੂਲ ਸਰਕਾਰੀ, ਪ੍ਰਾਈਵੇਟ ਏਡਿਡ ਜਾਂ ਕਿਸੇ ਸਿੱਖਿਆ ਬੋਰਡ ਨਾਲ ਐਫੀਲੇਟਿਡ ਹੋਵੇ।ਓਪਨ ਸਕੂਲ ਦੇ ਵਿਦਿਆਰਥੀ ਇਨ੍ਹਾਂ ਖੇਡਾਂ ਮੁਕਾਬਲਿਆਂ ਵਿੱਚ ਭਾਗ ਨਹੀਂ ਲੈ ਸਕਣਗੇ।

7.3 ਹਰੇਕ ਖਿਡਾਰੀ ਲਈ ਦਾਖਲੇ ਦੀਆਂ ਸ਼ਰਤਾਂ ਪੰਜਾਬ ਸਕੂਲ ਸਿੱਖਿਆ ਬੋਰਡ ਅਨੁਸਾਰ ਹੋਣਗੀਆਂ।

7.4 ਜਿਹੜੇ ਖਿਡਾਰੀ ਕਿਸੇ ਹੋਰ ਬੋਰਡ ਜਿਵੇਂ ਕਿ ਸੀ.ਬੀ.ਐਸ.ਈ.,ਆਈ.ਸੀ.ਐਸ.ਈ. ਆਦਿ ਨਾਲ ਸਬੰਧਤ ਸਕੂਲਾਂ ਵਿੱਚ ਪੜ੍ਹਦੇ ਹਨ।ਉਹ ਖਿਡਾਰੀ ਕੇਵਲ ਇੱਕ ਪਾਸੇ ਹੀ ਭਾਗ ਲੈ ਸਕਦੇ ਹਨ।

7.5 **ਇੱਕ ਉਮਰ ਗੁੱਟ ਵਿੱਚ ਖਿਡਾਰੀ 03 ਵਾਰ ਤੋਂ ਵੱਧ ਨਹੀ ਖੇਡ ਸਕਦਾ।**

## 8.0 ਖੇਡ ਮੈਦਾਨ

8.1 ਜੇਕਰ ਕਿਸੇ ਪ੍ਰਾਇਮਰੀ ਸਕੂਲ ਕੋਲ ਆਪਣਾ ਖੇਡ ਮੈਦਾਨ ਨਹੀਂ ਹੈ ਤਾਂ ਉਹ ਆਪਣੇ ਨਾਲ ਲਗਦੇ ਕੰਪਲੈਕਸ ਸਕੂਲ (ਮਿਡਲ/ਹਾਈ/ਸੈਕੰਡਰੀ) ਦੇ ਖੇਡ ਮੈਦਾਨ ਦੀ ਵਰਤੋ ਕਰੇਗਾ ਅਤੇ ਇਸ ਲਈ ਸਬੰਧਤ ਸਕੂਲ ਦੇ ਪ੍ਰਿੰਸੀਪਲ/ ਮੁੱਖ ਅਧਿਆਪਕ ਨੂੰ ਇਹ ਸਹਿਮਤੀ ਦੇਣੀ ਲਾਜ਼ਮੀ ਹੋਵੇਗੀ।

8.2 ਸਕੂਲ ਕੋਲ ਜਿੰਨ੍ਹੀ ਵੀ ਖੇਡ ਮੈਦਾਨ ਦੀ ਥਾਂ ਹੈ ਉਸ ਥਾਂ ਦੇ ਅਨੁਸਾਰ ਮੈਦਾਨ ਵਿੱਚ 200 ਜਾਂ 400 ਮੀਟਰ ਦਾ ਅਥਲੈਟਿਕਸ ਟਰੈਕ ਤਿਆਰ ਕੀਤਾ ਜਾਵੇਗਾ।

8.3 ਸਕੂਲਾਂ ਵਿੱਚ ਖੇਡਾਂ ਦੀ ਪਹਿਚਾਣ ਕਰਕੇ ਉਸ ਖੇਡ ਨਾਲ ਸਬੰਧਤ ਖੇਡਾਂ ਦਾ ਸਮਾਨ ਅਤੇ ਮੈਦਾਨ ਦੀ ਵਿਵਸਥਾ ਕੀਤੀ ਜਾਵੇਗੀ। ਇਹ ਗਰਾਉਂਡ ਤਿਆਰ ਕਰਨ ਦੀ ਜਿੰਮੇਵਾਰੀ ਸਕੂਲ ਮੁੱਖੀ ਅਤੇ ਸਬੰਧਤ ਸਰੀਰਕ ਸਿੱਖਿਆ ਅਧਿਆਪਕ ਦੀ ਹੋਵੇਗੀ।

## 9.0 ਰਿਹਾਇਸ਼ੀ ਖੇਡ ਵਿੰਗ

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ **ਰਿਹਾਇਸੀ ਖੇਡ ਵਿੰਗ ਖੋਲਣ ਸਬੰਧੀ** ਵਿਭਾਗ ਵੱਲੋਂ ਹੇਠ ਲਿਖੇ ਅਨੁਸਾਰ ਫੈਸਲਾ ਕੀਤਾ ਗਿਆ ਹੈ:

9.1 ਰਿਹਾਇਸੀ ਖੇਡ ਵਿੰਗ ਸਿਰਫ ਉਹਨਾਂ ਸਰਕਾਰੀ /ਸਰਕਾਰੀ ਸਹਾਇਤਾਂ ਪ੍ਰਾਪਤ ਸਕੂਲਾਂ ਨੂੰ ਹੀ ਦਿੱਤੇ ਜਾਣਗੇ ਜਿਹਨਾਂ ਕੋਲ ਬੁਨਿਆਦੀ ਸਹੂਲਤਾਂ ਜਿਵੇਂ ਹੋਸਟਲ ਸੁਵਿਧਾ, ਟੁਆਇਲਿਟ, ਬਾਥਰੂਮ, ਬਿਜਲੀ, ਪਾਣੀ ਅਤੇ ਮੈਸ ਦਾ ਉਚਿਤ ਪ੍ਰਬੰਧ ਹੋਵੇਗਾ। ਵਿੰਗ ਦੇ ਖਿਡਾਰੀਆਂ ਨੂੰ ਸਿਖਲਾਈ ਦੇਣ ਲਈ ਅਧਿਆਪਕ ਸਬੰਧਤ ਖੇਡ ਦਾ ਹੀ ਹੋਵੇਗਾ। ਇਸ ਸਬੰਧੀ ਯੋਗ ਅਧਿਆਪਕਾਂ ਦਾ ਪੈਨਲ ਬਣਾਕੇ ਉਨ੍ਹਾਂ ਵਿਚੋਂ ਚੋਣ ਕਰਨ ਉਪਰੰਤ ਡਿਊਟੀ ਲਗਾਈ ਜਾਵੇਗੀ।

9.2 ਕਿਸੇ ਵੀ ਪ੍ਰਾਈਵੇਟ ਸਕੂਲ ਨੂੰ ਰਿਹਾਇਸ਼ੀ ਖੇਡ ਵਿੰਗ ਨਹੀਂ ਦਿੱਤਾ ਜਾਵੇਗਾ।

9.3 ਵਿੰਗਾ ਲਈ ਟ੍ਰਾਇਲਜ ਦਾ ਇਸਤਿਹਾਰ ਹਰ ਸਾਲ ਮਾਰਚ/ਅਪ੍ਰੈਲ ਮਹੀਨੇ ਵਿੱਚ ਦਿੱਤਾ ਜਾਵੇਗਾ। ਖਿਡਾਰੀਆਂ ਦੀ ਅਪ੍ਰੈਲ/ਮਈ ਮਹੀਨੇ ਵਿੱਚ ਚੋਣ ਕਰਨ ਉਪਰੰਤ ਤੁਰੰਤ ਵਿੰਗ ਸੁਰੂ ਕੀਤੇ ਜਾਣਗੇ।

9.4 ਲੜਕੀਆਂ ਦੇ ਰਿਹਾਇਸੀ ਖੇਡ ਵਿੰਗ ਕੇਵਲ ਲੜਕੀਆਂ ਦੇ ਸਕੂਲਾਂ ਵਿਚ ਹੀ ਦਿੱਤੇ ਜਾਣਗੇ।

9.5 ਵਿੰਗਾਂ ਦੇ ਇੰਚਾਰਜ ਅਧਿਆਪਕ,ਵਾਰਡਨ, ਸਵੀਪਰ ਅਤੇ ਖਿਡਾਰੀਆਂ ਦੀ ਬਾਇਓਮੀਟਰਿਕ ਹਾਜਰੀ ਲਗਾਈ ਜਾਵੇਗੀ।

9.6 ਵਿਭਾਗ ਦੁਆਰਾ ਵਿੰਗਾਂ ਲਈ ਖੇਡ ਸਮਾਨ ਅਤੇ ਸਪੋਰਟਸ ਕਿੱਟਾਂ ਦੀ ਖਰੀਦੋ ਫਰੋਖਤ ਵਿੰਗ ਸੁਰੂ ਹੋਣ ਤੋਂ ਤੁਰੰਤ ਬਾਅਦ ਕੀਤੀ ਜਾਵੇਗੀ ਤਾਂ ਜੋ ਖਿਡਾਰੀਆਂ ਨੂੰ ਸਮੇਂ ਸਿਰ ਸਪੋਰਟਸ ਕਿੱਟਾਂ ਮੁਹੱਈਆ ਕਰਵਾਈਆਂ ਜਾ ਸਕਣ।

9.7 ਰਿਹਾਇਸ਼ੀ ਖੇਡ ਵਿੰਗਾਂ ਦੇ ਖਿਡਾਰੀਆਂ ਲਈ ਜੂਨ ਮਹੀਨੇ ਦੀਆਂ ਛੁੱਟੀਆਂ ਦੌਰਾਨ ਸਮਰ ਕੋਚਿੰਗ ਕੈਂਪ ਲਗਾਉਣਾ ਲਾਜਮੀ ਹੋਵੇਗਾ।

9.8 ਵਿੰਗਾਂ ਲਈ ਚੁਣੇ ਗਏ ਖਿਡਾਰੀਆਂ ਦੇ ਮਾਪਿਆ ਤੋਂ ਵਿੰਗ ਨਾ ਛੱਡਣ ਦਾ ਇਕਰਾਰਨਾਮਾਂ ਲੈ ਲਿਆ ਜਾਵੇਗਾ। ਇਕਰਾਰਨਾਮੇ ਵਿਚ ਇਹ ਵੀ ਲਿਖਵਾਇਆ ਜਾਵੇਗਾ ਕਿ ਖਿਡਾਰੀ ਸਿਰਫ ਪੰਜਾਬ ਸਕੂਲ ਸਿੱਖਿਆ ਵਿਭਾਗ ਵੱਲੋਂ ਹੀ ਖੇਡੇਗਾ।

9.9 ਖੋਲ੍ਹੇ ਗਏ ਵਿੰਗਾਂ ਦੀ ਵਿਭਾਗ ਦੁਆਰਾ ਲਗਾਤਾਰ ਜਾਂਚ ਕਰਵਾਈ ਜਾਵੇਗੀ ਜਿਵੇਂ ਖਿਡਾਰੀਆਂ ਦੀ ਮੈਡੀਕਲ ਜਾਂਚ, ਮੈੱਸ ਦੀ ਜਾਂਚ, ਖਿਡਾਰੀਆਂ ਦੀ ਰਿਹਾਇਸ ਦੀ ਜਾਂਚ, ਖਿਡਾਰੀਆਂ ਦੀ ਹਾਜਰੀ ਦੀ ਜਾਂਚ ਅਤੇ ਖਿਡਾਰੀਆਂ ਦੀ ਟ੍ਰੇਨਿੰਗ ਪਲਾਨ ਦੀ ਜਾਂਚ ਆਦਿ।

9.10 ਰਿਹਾਇਸੀ ਖੇਡ ਵਿੰਗਾਂ ਵਿੱਚ ਖਾਣੇ ਦਾ ਮੀਨੂੰ ਪ੍ਰਭਾਵਸਾਲੀ ਤਰੀਕੇ ਨਾਲ ਲਾਗੂ ਕੀਤਾ ਜਾਵੇਗਾ ਤਾਂ ਜੋ ਵਿਭਾਗ ਵੱਲੋਂ ਖਿਡਾਰੀਆਂ ਦੀ ਡਾਈਟ ਲਈ ਦਿੱਤੀ ਜਾਣ ਵਾਲੀ ਰਾਸੀ ਦਾ ਸਹੀ ਉਪਯੋਗ ਹੋ ਸਕੇ ਅਤੇ ਖਿਡਾਰੀਆਂ ਨੂੰ ਪੋਸਟਿਕ ਖੁਰਾਕ ਮੁਹੱਈਆ ਕਰਵਾਈ ਜਾ ਸਕੇ।

9.11 ਰਿਹਾਇਸੀ ਖੇਡ ਵਿੰਗ ਦੇ ਖਿਡਾਰੀਆਂ ਦਾ ਖੁਰਾਕ ਭੱਤਾ 200/- ਰੁਪਏ ਪ੍ਰਤੀ ਦਿਨ ਪ੍ਰਤੀ ਖਿਡਾਰੀ ਹੋਵੇਗਾ।

9.12 ਰਿਹਾਇਸ਼ੀ ਖੇਡ ਵਿੰਗਾਂ ਵਿੱਚ ਬਾਹਰਲੇ ਰਾਜਾਂ ਤੋਂ ਆਉਣ ਵਾਲੇ ਖਿਡਾਰੀਆਂ ਦੇ ਸਿੱਧੇ ਤੌਰ ਤੇ ਟ੍ਰਾਇਲਾਂ ਵਿੱਚ ਭਾਗ ਲੈਣ ਦੀ ਮੁਕੰਮਲ ਪਾਬੰਦੀ ਹੋਵੇਗੀ। ਜੇਕਰ ਉਹ ਰਿਹਾਇਸ਼ੀ ਖੇਡ ਵਿੰਗਾਂ ਵਿੱਚ ਦਾਖਲਾ ਲੈਣਾ ਚਾਹੁੰਦੇ ਹਨ ਤਾਂ ਉਨਾਂ ਦਾ ਪਹਿਲਾ ਦਾਖਲਾ (ਐਡਮਿਸ਼ਨ) ਪੰਜਾਬ ਸਕੂਲ ਸਿੱਖਿਆ ਬੋਰਡ ਤੋਂ ਹੋਣਾ ਚਾਹੀਦਾ ਹੈ।

9.13 ਅੰਤਰ ਜਿਲ੍ਹਾ ਸਕੂਲ ਖੇਡਾਂ ਦੇ ਜੇਤੂ ਖਿਡਾਰੀਆਂ ਨੂੰ ਪਹਿਲ ਦੇ ਆਧਾਰ ਤੇ ਇਨ੍ਹਾਂ ਰਿਹਾਇਸ਼ੀ ਖੇਡ ਵਿੰਗਾਂ ਵਿੱਚ ਦਾਖਲਾ ਦੇਣ ਲਈ ਤਰਜੀਹ ਦਿੱਤੀ ਜਾਵੇਗੀ। ਬਾਕੀ ਦੀਆਂ ਸੀਟਾਂ ਵੱਖ ਵੱਖ ਖੇਡਾਂ ਦੇ ਹੋਣਹਾਰ ਖਿਡਾਰੀਆਂ ਨੂੰ ਮੈਰਿਟ ਦੇ ਅਧਾਰ ਤੇ ਦਿੱਤੀਆਂ ਜਾਣਗੀਆਂ।

## 10.0 ਡੇ-ਸਕਾਲਰ ਵਿੰਗ

10.1 ਜਿਹਨਾਂ ਸਕੂਲਾਂ ਵਿਚ ਸਵੇਰੇ/ਸਾਮ ਖੇਡਾਂ ਦੀ ਪ੍ਰੈਕਟਿਸ ਕਰਵਾਈ ਜਾਂਦੀ ਹੈ ਉਨ੍ਹਾਂ ਸਕੂਲਾਂ ਦੀ ਸੂਚਨਾ ਪ੍ਰਾਪਤ ਹੋਣ ਤੇ ਨਿਰੀਖਣ ਕਰਨ ਉਪਰੰਤ ਮੈਰਿਟ ਦੇ ਆਧਾਰ ਤੇ ਭਾਵ ਖੇਡ ਦਾ ਮੈਦਾਨ, ਵਿਦਿਆਰਥੀਆਂ ਦੀ ਗਿਣਤੀ (ਪ੍ਰਾਇਮਰੀ ਸਕੂਲ ਵਿੱਚ ਘੱਟੋ ਘੱਟ 100, ਹਾਈ ਸਕੂਲ ਵਿੱਚ ਘੱਟੋ ਘੱਟ 200, ਸੀਨੀਅਰ ਸੈਕੰਡਰੀ ਸਕੂਲ ਵਿੱਚ ਘੱਟੋ ਘੱਟ 400), ਸਬੰਧਤ ਖੇਡ ਅਧਿਆਪਕ ਆਦਿ ਨੂੰ ਧਿਆਨ ਵਿੱਚ ਰੱਖਦੇ ਹੋਏ ਡੇ-ਸਕਾਲਰ ਵਿੰਗ ਦੇਣ ਸਬੰਧੀ ਫੈਸਲਾ ਕੀਤਾ ਜਾਵੇਗਾ।

10.2 ਡੇ-ਸਕਾਲਰ ਵਿੰਗ ਸਰਕਾਰੀ/ਸਰਕਾਰੀ ਸਹਾਇਤਾ ਪ੍ਰਾਪਤ ਸਕੂਲਾਂ ਨੂੰ ਹੀ ਦਿੱਤੇ ਜਾਣਗੇ। ਵਿੰਗ ਦੇ ਖਿਡਾਰੀਆਂ ਨੂੰ ਸਿਖਲਾਈ ਦੇਣ ਲਈ ਅਧਿਆਪਕ ਸਬੰਧਤ ਖੇਡ ਦਾ ਹੀ ਹੋਵੇਗਾ।

10.3 ਕੋਈ ਵੀ ਡੇ-ਸਕਾਲਰ ਵਿੰਗ ਪ੍ਰਾਈਵੇਟ ਸਕੂਲਾਂ ਨੂੰ ਨਹੀਂ ਦਿੱਤਾ ਜਾਵੇਗਾ।

10.4 ਡੇ-ਸਕਾਲਰ ਵਿੰਗ ਅਪ੍ਰੈਲ/ਮਈ ਮਹੀਨੇ ਤੋਂ ਜਨਵਰੀ ਮਹੀਨੇ ਤੱਕ ਚਲਾਏ ਜਾਣਗੇ।

10.5 ਡੇ-ਸਕਾਲਰ ਵਿੰਗ ਦੇ ਖਿਡਾਰੀਆਂ ਦਾ ਖੁਰਾਕ ਭੱਤਾ 100/- ਰੁਪਏ ਪ੍ਰਤੀ ਦਿਨ ਪ੍ਰਤੀ ਖਿਡਾਰੀ ਹੋਵੇਗਾ।

10.6 ਅੰਡਰ-11 ਉਮਰ ਗੁੱਟ ਦੇ ਖਿਡਾਰੀਆਂ ਲਈ ਵੀ ਡੇ-ਸਕਾਲਰ ਵਿੰਗ ਸੁਰੂ ਕੀਤੇ ਜਾਣਗੇ।

## 11.0 ਰਿਫਰੈਸ਼ਮੈਂਟ ਤੇ ਕਿਰਾਇਆ

11.1 ਖੇਡ ਵਿੰਗ/ਨੈਸਨਲ ਪ੍ਰੀ-ਕੋਚਿੰਗ ਕੈਂਪ/ਸਮਰ ਕੋਚਿੰਗ ਕੈਂਪ ਅਤੇ ਅੰਤਰ ਜਿਲ੍ਹਾ ਸਕੂਲ ਖੇਡਾਂ ਲਈ ਅੰ-14, 17,19 ਦੇ ਖਿਡਾਰੀਆਂ ਦਾ ਖੁਰਾਕੀ ਭੱਤਾ 200/- ਰੁਪਏ ਪ੍ਰਤੀ ਦਿਨ ਪ੍ਰਤੀ ਖਿਡਾਰੀ ਹੋਵੇਗਾ ।

11.2 ਜੋਨਲ ਅਤੇ ਜਿਲ੍ਹਾ ਪੱਧਰ ਤੇ ਹੋਣ ਵਾਲੀਆਂ ਖੇਡਾਂ ਲਈ ਮਿਡਲ ਸਕੂਲਾਂ ਤੋਂ ਆਉਣ ਵਾਲੀਆਂ ਟੀਮਾਂ ਦਾ ਖਰਚਾ (ਖਿਡਾਰੀਆਂ ਲਈ ਰਿਫਰੈਸ਼ਮੈਂਟ ਅਤੇ ਆਉਣ/ਜਾਣ ਦਾ ਕਿਰਾਇਆ) ਜਿਲ੍ਹਾ ਸਪੋਰਟਸ ਫੰਡ ਵਿੱਚੋਂ ਅਦਾ ਕੀਤਾ ਜਾਵੇਗਾ। ਇਸ ਖਰਚੇ ਦਾ ਬਿੱਲ ਜੋਨਲ ਪੱਧਰ ਤੇ ਬਣਾਈਆਂ ਖੇਡ ਕਮੇਟੀਆਂ ਤਸਦੀਕ ਕਰਕੇ ਜਿਲ੍ਹਾ ਸਿੱਖਿਆ ਅਫਸਰ (ਸੈ:ਸਿ.) ਨੂੰ ਭੇਜਣਗੀਆਂ।

11.3 ਅੰਤਰ ਜਿਲ੍ਹਾ ਸਕੂਲ ਖੇਡਾਂ ਲਈ ਭੇਜੀਆ ਜਾਣ ਵਾਲੀਆਂ ਟੀਮਾਂ ਨੂੰ ਖਰਚਾ (ਡਾਈਟ ਮਨੀ ਅਤੇ ਆਉਣ ਜਾਣ ਦਾ ਕਿਰਾਇਆ) ਬੱਸ/ਰੇਲਵੇ, ਜਿਲ੍ਹਾ ਸਿੱਖਿਆ ਅਫਸਰ (ਸੈਸਿ) ਅਡਵਾਂਸ ਦੇਣਗੇ ਅਤੇ ਇਹਨਾਂ ਖੇਡਾਂ ਤੇ ਹੋਣ ਵਾਲਾ ਖਰਚਾ ਜਿਲ੍ਹਾ ਪੱਧਰ ਤੇ ਇੱਕਤਰ ਕੀਤੇ ਸਪੋਰਟਸ ਫੰਡ ਵਿੱਚੋਂ ਹੀ ਕੀਤਾ ਜਾਵੇਗਾ ।

11.4 ਅੰਤਰ ਰਾਸ਼ਟਰੀ ਪੱਧਰ 'ਤੇ (ਏਸ਼ੀਅਨ ਸਕੂਲ ਸਪੋਰਟਸ ਫੈਡਰੇਸ਼ਨ ਅਤੇ ਇੰਟਰ ਨੈਸ਼ਨਲ ਸਪੋਰਟਸ ਫੈਡਰੇਸ਼ਨ) ਵੱਲੋਂ ਆਯੋਜਿਤ ਕੀਤੇ ਜਾਣ ਵਾਲੇ ਟੂਰਨਾਮੈਂਟ ਵਿੱਚ ਖੇਡਣ ਜਾਣ ਵਾਲੇ ਪੰਜਾਬ ਦੇ ਸਕੂਲਾਂ ਦੇ ਖਿਡਾਰੀਆਂ ਦਾ ਖਰਚਾ ਵਿਭਾਗ ਵੱਲੋਂ ਸਕੂਲਜ਼ ਗੇਮਜ਼ ਫੈਡਰੇਸ਼ਨ ਆਫ ਇੰਡੀਆ ਦੀ ਮੰਗ ਅਨੁਸਾਰ ਅਦਾ ਕੀਤਾ ਜਾਵੇਗਾ।

11.5 ਨੈਸ਼ਨਲ ਪ੍ਰੀ-ਕੋਚਿੰਗ ਕੈਂਪ/ਨੈਸ਼ਨਲ ਸਕੂਲ ਖੇਡਾਂ ਦੇ ਟ੍ਰਾਇਲ ਅਤੇ ਨੈਸ਼ਨਲ ਸਕੂਲ ਖੇਡਾਂ ਵਿੱਚ ਭਾਗ ਲੈਣ ਜਾਣ ਵਾਲੀਆਂ ਟੀਮਾਂ ਦੇ ਖਿਡਾਰੀਆਂ ਲਈ ਸਕੂਲ ਤੋਂ ਉਕਤ ਕਾਰਜਾਂ ਲਈ ਨਿਸ਼ਚਿਤ ਕੀਤੇ ਸਥਾਨਾਂ ਤੱਕ ਬਣਦਾ ਆਉਣ-ਜਾਣ ਦਾ ਕਿਰਾਇਆ ( ਬੱਸ/ਰੇਲਵੇ ) ਸਬੰਧਤ ਸਕੂਲ ਦੇ ਸਪੋਰਟਸ ਫੰਡ/ਅਮਲਗਾਮੇਟਿਡ ਫੰਡ ਵਿੱਚੋਂ ਅਦਾ ਕੀਤਾ ਜਾਵੇਗਾ।

11.6 **ਅੰਤਰ ਜਿਲ੍ਹਾ/ ਰਾਜ ਪੱਧਰੀ ਖੇਡਾਂ ਲਈ ਸਰੀਰਕ ਸਿੱਖਿਆ ਅਧਿਆਪਕਾਂ ਦੇ ਰੈਫਰੀ, ਕੋਚ, ਮੈਨੇਜਰਜ਼ ਅਤੇ ਟੀਮਾਂ ਦੀ ਚੋਣ ਲਈ ਜੋ ਪੈਨਲ ਤਿਆਰ ਕੀਤੇ ਜਾਣਗੇ, ਉਹਨਾਂ ਨੂੰ ਟੀ.ਏ./ਡੀ.ਏ. ਸਰਕਾਰ ਦੀਆਂ ਹਦਾਇਤਾਂ ਅਨੁਸਾਰ ਪਿਤਰੀ ਜਿਲ੍ਹੇ ਵੱਲੋਂ ਦਿੱਤਾ ਜਾਵੇਗਾ ।**

## 12.0 ਇਨਾਮ ਤੇ ਹੋਰ ਲਾਭ

12.1 ਪ੍ਰਾਇਮਰੀ ਸਕੂਲ ਅੰਤਰ ਜ਼ਿਲਾ ਖੇਡਾਂ ਵਿੱਚ ਪਹਿਲੀਆਂ ਤਿੰਨ ਪੁਜ਼ੀਸ਼ਨਾਂ ਤੇ ਆਉਣ ਵਾਲੇ ਖਿਡਾਰੀਆਂ ਨੂੰ ਸਕੂਲ ਸਿੱਖਿਆ ਵਿਭਾਗ (ਸੈ.ਸਿ) ਵਲੋ ਵੱਖ ਵੱਖ ਖੇਡਾਂ ਲਈ ਅੰਡਰ-14 ਸਾਲ ਦੇ ਰਿਹਾਇਸੀ ਖੇਡ ਵਿੰਗਾਂ ਵਿੱਚ ਮੈਰਿਟ ਅਨੁਸਾਰ ਪਹਿਲ ਦੇ ਅਧਾਰ 'ਤੇ ਦਾਖਲਾ ਦਿੱਤਾ ਜਾਵੇਗਾ।

12.2 **ਸਕੂਲ ਖੇਡਾਂ ਵਿੱਚ ਨੈਸਨਲ/ਇੰਟਰਨੈਸਨਲ ਪੱਧਰ ਤੇ ਜੋ ਖੇਡਾਂ ਪਾਲਿਸੀ ਅਨੁਸਾਰ ਨਿਰਧਾਰਤ ਕੀਤੀਆਂ ਗਈਆਂ ਹਨ, ਦੇ ਜੇਤੂ ਖਿਡਾਰੀਆਂ ਦੀ ਹੌਸਲਾ ਅਫਜਾਈ ਕਰਨ ਲਈ ਹੇਠ ਲਿਖੇ ਅਨੁਸਾਰ ਇਨਾਮੀ ਰਾਸੀ ਦਿੱਤੀ ਜਾਵੇਗੀ:-**

| ਲੜੀ ਨੰ | ਟੂਰਨਾਮੈਂਟ | ਮੈਡਲ | ਇਨਾਮੀ ਰਾਸੀ |
|---|---|---|---|
| 1 | ਇੰਟਰਨੈਸਨਲ | ਗੋਲਡ | 1,00,000/- |
| | | ਸਿਲਵਰ | 75,000/- |
| | | ਬਰੌਨਜ | 50,000/- |
| | | ਪਾਰਟੀਸਪੇਸਨ | 25,000/- |
| | | | |
| 2 | ਨੈਸਨਲ | ਗੋਲਡ | 10,000/- |
| | | ਸਿਲਵਰ | 8,000/- |
| | | ਬਰੌਨਜ | 5,000/- |
| | | | |
| 3 | ਪ੍ਰਾਇਮਰੀ ਖੇਡਾਂ (ਸਟੇਟ ਪੱਧਰ ਤੇ ਜੇਤੂ ਖਿਡਾਰੀ) | ਗੋਲਡ | 3,000/- |
| | | ਸਿਲਵਰ | 2,000/- |
| | | ਬਰੌਨਜ | 1,000/- |

12.3 ਹਰੇਕ ਜਿਲ੍ਹੇ ਦੀ ਜਿਲ੍ਹਾ ਸਕੂਲ ਟੂਰਨਾਮੈਂਟ ਕਮੇਟੀ ਰਾਸ਼ਟਰੀ ਸਕੂਲ ਪੱਧਰ ਅਤੇ ਅੰਤਰ ਰਾਸ਼ਟਰੀ ਸਕੂਲ ਪੱਧਰ ਦੇ ਜੇਤੂ ਖਿਡਾਰੀਆਂ ਨੂੰ ਸਨਮਾਨਿਤ ਕਰੇਗੀ।

12.4 **ਨੈਸਨਲ ਸਕੂਲ ਖੇਡਾਂ/ਅੰਤਰ ਜਿਲ੍ਹਾ ਸਕੂਲ ਖੇਡਾ ਵਿੱਚ ਜੇਤੂ ਖਿਡਾਰੀਆਂ ਨੂੰ ਦਸਵੀਂ ਅਤੇ ਬਾਰਵੀਂ ਜਮਾਤਾਂ ਵਿੱਚ ਹੇਠ ਲਿਖੇ ਅਨੁਸਾਰ ਅੰਕ ਦਿੱਤੇ ਜਾਣਗੇ:**

| ਲੜੀ ਨੰ: | ਖੇਡਾਂ ਦਾ ਪੱਧਰ | ਪੁਜੀਸਨ | ਅੰਕ |
|---|---|---|---|
| 1 | ਨੈਸਨਲ | ਪਹਿਲੀ | 25 |
| 2 | | ਦੂਜੀ | 22 |
| 3 | | ਤੀਜੀ | 19 |
| 4 | | ਪਾਰਟੀਸਪੇਸਨ | 15 |
| | | | |
| 5 | ਸਟੇਟ | ਪਹਿਲੀ | 15 |
| 6 | | ਦੂਜੀ | 12 |
| 7 | | ਤੀਜੀ | 9 |

ਇਹ ਸਪਸਟ ਕੀਤਾ ਜਾਂਦਾ ਹੈ ਕਿ ਖੇਡ ਅੰਕ ਉਹਨਾਂ ਦਸਵੀਂ ਅਤੇ ਬ੍ਹਾਰਵੀਂ ਜਮਾਤ ਦੇ ਵਿਦਿਆਰਥੀਆਂ ਨੂੰ ਦਿੱਤੇ ਜਾਣਗੇ ਜਿਹਨਾਂ ਨੇ ਉਸੇ ਵਿੱਦਿਅਕ ਵਰ੍ਹੇ ਵਿੱਚ ਖੇਡਾਂ ਵਿੱਚ ਭਾਗ ਲਿਆ ਹੋਵੇਗਾ। ਇਹ ਨੰਬਰ ਉਹਨਾਂ ਖਿਡਾਰੀਆਂ ਨੂੰ ਦਿੱਤੇ ਜਾਣਗੇ ਜਿਹੜੇ ਸਾਰੇ ਵਿਸਿਆਂ ਵਿੱਚੋਂ ਪਾਸ ਅੰਕ ਜਾਂ ਉਸ ਤੋਂ ਵੱਧ ਅੰਕ ਹਾਸਿਲ ਕਰਕੇ ਪਾਸ ਹੁੰਦੇ ਹਨ। ।

12.5 ਅੰਤਰ ਜਿਲ੍ਹਾ ਸਕੂਲ ਖੇਡਾਂ ਅਤੇ ਰਾਸ਼ਟਰੀ ਸਕੂਲ ਖੇਡ ਮੁਕਾਬਲਿਆਂ ਵਿੱਚ ਖਿਡਾਰੀ/ਖਿਡਾਰਨ/ਅਧਿਆਪਕ ਦੇ ਸੱਟ ਲੱਗਣ 'ਤੇ ਆਉਣ ਵਾਲਾ ਮੈਡੀਕਲ ਬਿੱਲ ਦਾ ਖਰਚ ਅਤੇ ਅਣਸੁਖਾਵੀਂ ਘਟਨਾ ਵਾਪਰ ਜਾਣ ਦੀ ਸੂਰਤ ਵਿੱਚ ਖਿਡਾਰੀ/ਖਿਡਾਰਨ/ਅਧਿਆਪਕ ਨੂੰ ਦੋ ਲੱਖ ਰੁਪਏ ਸਟੇਟ ਹੈਡਕੁਆਰਟਰ ਵੱਲੋਂ ਖੇਡ ਫੰਡ ਵਿੱਚੋਂ ਦਿੱਤੇ ਜਾਣਗੇ।

12.6 ਸਕੂਲ, ਜਿਲ੍ਹਾ ਅਤੇ ਰਾਜ ਪੱਧਰ ਦੇ ਰੋਲ ਆਫ ਆਨਰਜ਼ ਦੇਣ ਲਈ ਕਮੇਟੀਆਂ ਦਾ ਗਠਨ ਕੀਤਾ ਜਾਵੇਗਾ।

## 13.0 ਅਧਿਆਪਕਾਂ ਦੀਆਂ ਜਿੰਮੇਵਾਰੀਆਂ (ਡਿਊਟੀਜ਼)

13.1 ਟੂਰਨਾਮੈਂਟ ਲਈ ਸਰੀਰਿਕ ਸਿੱਖਿਆ ਅਧਿਆਪਕ, ਲੈਕ.ਫਿਜੀਕਲ ਐਜੂਕੇਸ਼ਨ ਅਧਿਆਪਕਾਂ ਦੀ ਡਿਊਟੀ ਬਤੌਰ ਆਫੀਸੀਅਲਜ਼ ਲਗਾਈ ਜਾਵੇਗੀ। ਹੋਰ ਕਿਸੇ ਵੀ ਵਿਸ਼ੇ ਦੇ ਅਧਿਆਪਕ ਦੀ ਡਿਊਟੀ ਇਸ ਕੰਮ ਵਿੱਚ ਨਹੀਂ ਲਗਾਈ ਜਾਵੇਗੀ।

13.2 ਵਿਦਿਆਰਥੀਆਂ ਨੂੰ ਸਹੀ ਖੇਡ ਦੀ ਚੋਣ ਕਰਵਾ ਕੇ ਉਸਦਾ ਪੂਰਨ Follow -up ਸਰੀਰਕ ਸਿੱਖਿਆ ਅਧਿਆਪਕ ਵੱਲੋਂ ਕੀਤਾ ਜਾਵੇਗਾ ਤਾਂ ਜੋ ਨਰਸਰੀ ਤੋਂ ਹੀ ਬੱਚਿਆਂ ਨੂੰ ਖੇਡਾਂ ਨਾਲ ਜੋੜਦਿਆਂ ਚੰਗੇ ਖਿਡਾਰੀ ਤਿਆਰ ਕੀਤੇ ਜਾ ਸਕਣ।

13.3 ਪ੍ਰਾਇਮਰੀ ਸਕੂਲਾਂ ਦੀ ਹਰ ਜਮਾਤ ਦਾ ਅਧਿਆਪਕ ਸਰੀਰਿਕ ਸਿੱਖਿਆ ਅਧਿਆਪਕ ਦੇ ਸਹਿਯੋਗੀ ਵੱਜੋਂ ਕੰਮ ਕਰਦਿਆਂ ਵਿਦਿਆਰਥੀਆਂ ਨੂੰ ਖੇਡਾਂ ਨਾਲ ਜੋੜੇਗਾ ।

13.4 ਹਰੇਕ ਸਰੀਰਕ ਸਿੱਖਿਆ ਅਧਿਆਪਕ ਨੂੰ ਹਰ ਸਾਲ ਘੱਟੋਂ-ਘੱਟ ਦੋ ਮੇਜਰ ਖੇਡਾਂ ਦੇ ਨਾਲ ਅਥਲੈਟਿਕਸ ਦੇ 3 ਟ੍ਰੈਕ ਅਤੇ 2 ਫੀਲਡ ਈਵੈਂਟ ਵਿਦਿਆਰਥੀਆ ਨੂੰ ਘੱਟੋ-ਘੱਟ ਜੋਨਲ ਪੱਧਰ ਤੱਕ ਕਰਵਾਉਣੇ ਲਾਜ਼ਮੀ ਹੋਣਗੇ।

13.5 ਹਰੇਕ ਸਰੀਰਕ ਸਿੱਖਿਆ ਅਧਿਆਪਕ ਲਈ ਕਿਸੇ ਵੀ ਟੂਰਨਾਮੈਂਟ ਵਿੱਚ ਲਗਾਈ ਗਈ ਡਿਊਟੀ ਕਰਨੀ ਲਾਜ਼ਮੀ ਹੋਵੇਗੀ।

13.6 ਜਿਹੜੇ ਮਿਡਲ, ਹਾਈ ਅਤੇ ਸੀਨੀਅਰ ਸੈਕੰਡਰੀ ਸਕੂਲਾਂ ਦੇ ਕੰਪਲੈਕਸ ਵਿੱਚ ਪ੍ਰਾਇਮਰੀ ਸਕੂਲ ਹਨ ਜਾਂ ਕੰਪਲੈਕਸ ਦੇ ਨਾਲ ਲੱਗਦੇ ਹਨ, ਉਹਨਾਂ ਸਕੂਲਾਂ ਵਿੱਚ ਜਿੱਥੇ ਸਰੀਰਿਕ ਸਿੱਖਿਆ ਅਧਿਆਪਕ ਮੌਜੂਦ ਹਨ, ਉਹ ਹਰ ਰੋਜ 01 ਘੰਟਾ ਸਬੰਧਤ ਪ੍ਰਾਇਮਰੀ ਸਕੂਲਾਂ ਵਿੱਚ ਖੇਡ ਕਿਰਿਆਵਾਂ (ਖੇਡਾਂ ਤੇ ਮਨੋਰੰਜਕ ਕਿਰਿਆਵਾਂ) ਤੇ ਲਗਾਉਣਗੇ ਤਾਂ ਜੋ ਬੱਚਿਆਂ ਦਾ ਸਰੀਰਿਕ, ਮਾਨਸਿਕ ਅਤੇ ਭਾਵਨਾਤਮਕ ਵਿਕਾਸ ਹੋ ਸਕੇ ਅਤੇ ਨਾਲ-2 ਬੱਚਿਆਂ ਨੂੰ ਖੇਡ ਮੁਕਾਬਲਿਆਂ ਲਈ ਤਿਆਰੀ ਕਰਵਾਈ ਜਾ ਸਕੇ।

## 14.0 ਸ਼ਜ਼ਾ:-

14.1 ਡਿਊਟੀ ਲਈ ਇੰਨਕਾਰੀ ਹੋਣ ‘ਤੇ ਸਬੰਧਤ ਕਰਮਚਾਰੀ ਵਿਰੁੱਧ ਪੰਜਾਬ ਸਿਵਲ ਸੇਵਾਵਾਂ (ਸਜ਼ਾ ਅਤੇ ਅਪੀਲ) ਨਿਯਮਾਂਵਾਲੀ 1970 ਵਿੱਚ ਉਪਬੱਧ ਅਨੁਸਾਰ ਅਨੁਸ਼ਾਸ਼ਨੀ ਕਾਰਵਾਈ ਆਰੰਭੀ ਜਾਵੇਗੀ।

14.2 ਗਲਤ ਖਿਡਾਰੀ ਖਿਡਾਉਣ ਜਾਂ ਗਲਤ ਸਿਲੈਕਸ਼ਨ ਕਰਨ ਵਾਲੇ ਅਧਿਕਾਰੀਆਂ/ ਕਰਮਚਾਰੀਆਂ ਵਿਰੁੱਧ ਪੰਜਾਬ ਸਿਵਲ ਸੇਵਾਵਾਂ (ਸਜਾ ਅਤੇ ਅਪੀਲ) ਨਿਯਮਾਂਵਲੀ 1970 ਵਿੱਚ ਉਪਬੰਧ ਅਨੁਸਾਰ ਅਨੁਸ਼ਾਸ਼ਨੀ ਕਾਰਵਾਈ ਆਰੰਭੀ ਜਾਵੇਗੀ।

## 15.0 ਫੁੱਟਕਲ:-

15.1 ਸਰੀਰਕ ਸਿੱਖਿਆ ਦੇ ਵਿਦਿਆਰਥੀਆਂ ਨੂੰ ਲਗਾਈਆਂ ਜਾਣ ਵਾਲੀਆਂ ਪ੍ਰੈਕਟੀਕਲ ਕਾਪੀਆਂ ਬੰਦ ਹੋਣ। ਇਸ ਨਾਲ ਜਿੱਥੇ ਬੱਚਿਆਂ ਉੱਤੇ ਵਿੱਤੀ ਬੋਝ ਘਟੇਗਾ, ਉੱਥੇ ਪ੍ਰੈਕਟੀਕਲ ਕਾਪੀਆਂ ਰਾਹੀਂ ਕਰਵਾਇਆ ਜਾਣ ਵਾਲਾ ਕੰਮ ਬੱਚਿਆਂ ਤੋਂ ਖੇਡ ਮੈਦਾਨਾਂ ‘ਚ ਅਮਲੀ ਰੂਪ ‘ਚ ਪ੍ਰੈਕਟੀਕਲ ਵਜੋਂ ਕਰਵਾਇਆ ਜਾਵੇ। ਜਿਸ ਨਾਲ ਉਨ੍ਹਾਂ ਖੇਡਾਂ ਬਾਰੇ ਵਧੇਰੇ ਜਾਣਕਾਰੀ ਹਾਸਿਲ ਹੋਵੇਗੀ।

15.2 ਵਿਭਾਗ ਵੱਲੋਂ ਸਪੋਰਟਸ ਵੈੱਬਸਾਈਟ ਤਿਆਰ ਕੀਤੀ ਜਾਵੇਗੀ। ਜਿਸ ‘ਤੇ ਵਿਭਾਗ ਦੀਆਂ ਖੇਡਾਂ ਨਾਲ ਸਬੰਧਤ ਸਰਗਰਮੀਆਂ, ਪ੍ਰਾਪਤੀਆਂ ਅਤੇ ਹੋਰ ਖੇਡਾਂ ਨਾਲ ਸਬੰਧਤ ਡਾਟਾ ਅੱਪਲੋਡ ਕੀਤਾ ਜਾਵੇਗਾ। ਸਕੂਲ ਪੱਧਰ ਤੋਂ ਹੀ ਖਿਡਾਰੀਆਂ ਦੀ ਆਨਲਾਈਨ ਐਂਟਰੀ ਰਾਹੀਂ ਰਜਿਸਟ੍ਰੇਸ਼ਨ ਕੀਤੀ ਜਾਵੇਗੀ।

## 16.0 ਖੇਡ ਕੈਲੰਡਰ (ਪ੍ਰਾਇਮਰੀ ਖੇਡਾਂ):-

| ਲੜੀ ਨੰ: | ਮਹੀਨਾ | ਗਤੀਵਿਧੀ | ਪੱਧਰ |
|---|---|---|---|
| 1 | ਅਪ੍ਰੈਲ | ਜਨਰਲ ਵਾਰਮਿਗ ਅੱਪ ਅਤੇ ਸਟਰੈਚਿੰਗ ਐਕਸਰਸਾਈਜ. | ਸਕੂਲ ਪੱਧਰ |
| 2 | ਮਈ | ਜਨਰਲ ਅਤੇ ਖੇਡ ਨਾਲ ਸਬੰਧਤ ਵਾਰਮਿੰਗ ਅੱਪ | ਸਕੂਲ ਪੱਧਰ |
| 3 | ਜੁਲਾਈ | ਖੇਡਾਂ ਦੀ ਤਿਆਰੀ,ਪ੍ਰੈਕਟਿਸ ਮੈਚ | ਸਕੂਲ ਪੱਧਰ |
| 4 | ਅਗਸਤ ਮਹੀਨੇ ਦੇ ਚੌਥੇ ਹਫਤੇ (3 ਦਿਨ) | ਖੇਡ ਮੁਕਾਬਲੇ | ਕਲੱਸਟਰ ਪੱਧਰ |
| 5 | ਸਤੰਬਰ ਮਹੀਨੇ ਦੇ ਦੂਸਰੇ ਹਫਤੇ (ਤਿੰਨ ਦਿਨ) | ਖੇਡ ਮੁਕਾਬਲੇ | ਬਲਾਕ ਪੱਧਰ |
| 6 | ਸਤੰਬਰ ਮਹੀਨੇ ਦੇ ਚੌਥੇ ਹਫਤੇ (ਤਿੰਨ ਦਿਨ) | ਖੇਡ ਮੁਕਾਬਲੇ | ਜਿਲ੍ਹਾ ਪੱਧਰ |
| 7 | ਅਕਤੂਬਰ ਮਹੀਨੇ ਦੇ ਦੂਸਰੇ ਹਫਤੇ (ਤਿੰਨ ਦਿਨ) | ਖੇਡ ਮੁਕਾਬਲੇ | ਰਾਜ ਪੱਧਰ |

## ਖੇਡ ਕੈਲੰਡਰ(ਸੈਕੰਡਰੀ ਖੇਡਾਂ)

| ਲੜੀ ਨੰ: | ਮਹੀਨਾ | ਗਤੀਵਿਧੀ | ਪੱਧਰ |
|---|---|---|---|
| 1 | ਅਪ੍ਰੈਲ, ਮਈ | Endurance, Strength, Flexibility, Agility, ਸਟੈਮਨਾ ਵਧਾਉਣਾ, ਜਨਰਲ ਵਾਰਮਿੰਗ ਅੱਪ, ਸਟਰੈਚਿੰਗ ਐਕਸਰ ਸਾਈਜ, ਅਤੇ ਖੇਡ ਨਾਲ ਸਬੰਧਤ ਵਾਰਮਿੰਗ ਅੱਪ। | ਸਕੂਲ ਪੱਧਰ |

| | | | |
|---|---|---|---|
| 2 | ਜੁਲਾਈ | ਖੇਡਾਂ ਦੀ ਤਿਆਰੀ ਅਤੇ ਪ੍ਰੈਕਟਿਸ ਮੈਚ | ਸਕੂਲ ਪੱਧਰ |
| 3 | 1 ਅਗਸਤ ਤੋਂ 30 ਸਤੰਬਰ | ਖੇਡ ਮੁਕਾਬਲੇ | ਜੋਨਲ ਅਤੇ ਜਿਲ੍ਹਾ ਪੱਧਰ |
| 4 | ਸਕੂਲ ਗੇਮਜ਼ ਫੈਡਰੇਸ਼ਨ ਆਫ ਇੰਡੀਆ ਵੱਲੋਂ ਨੈਸ਼ਨਲ ਸਕੂਲ ਖੇਡਾਂ ਦਾ ਕਲੰਡਰ ਜਾਰੀ ਕਰਨ ਉਪਰੰਤ ਅੰਤਰ ਜਿਲ੍ਹਾ ਸਕੂਲ ਖੇਡਾਂ ਦਾ ਕਲੰਡਰ ਜਾਰੀ ਕੀਤਾ ਜਾਵੇਗਾ। | ਖੇਡ ਮੁਕਾਬਲੇ | ਸਟੇਟ ਪੱਧਰ |

ਹਰ ਸਾਲ ਉਪਰੋਕਤ ਅਨੁਸਾਰ ਟੂਰਨਾਮੈਂਟ ਕਰਵਾਏ ਜਾਣਗੇ ਕੋਈ ਵੀ ਜਿਲ੍ਹਾ ਸਕੂਲ ਟੂਰਨਾਮੈਂਟ ਕਮੇਟੀ ਆਪਣਾ ਵੱਖਰਾ ਸ਼ਡਿਊਲ ਜਾਰੀ ਨਹੀਂ ਕਰੇਗੀ। ਸਤੰਬਰ ਮਹੀਨੇ ਦੌਰਾਨ ਹੋਣ ਵਾਲੇ ਪੇਪਰਾਂ ਸਮੇਂ ਕੋਈ ਵੀ ਟੂਰਨਾਮੈਂਟ ਨਹੀਂ ਕਰਵਾਇਆ ਜਾਵੇਗਾ।

**ਨੋਟ**:-ਹਰ ਸਾਲ ਸੈਸ਼ਨ ਸ਼ੁਰੂ ਹੋਣ ਤੋਂ ਪਹਿਲਾਂ ਵੱਖ-ਵੱਖ ਖੇਡਾਂ ਨਾਲ ਸਬੰਧਤ ਵਾਰਮਿੰਗ ਅੱਪ ਐਕਸਰਸਾਈਜ ਅਤੇ ਜਨਰਲ ਵਾਰਮਿੰਗ ਅੱਪ ਐਕਸਰਸਾਈਜ ਦਾ ਸ਼ਡਿਊਲ ਅਧਿਆਪਕਾਂ ਦੀ ਅਗਵਾਈ ਲਈ ਮੈਨੁਅਲ ਰਾਹੀਂ ਭੇਜਿਆ ਜਾਵੇਗਾ।

## 17.0 ' ਖੇਡੋ ਪੰਜਾਬ ਵਧੋ ਪੰਜਾਬ' ਤਹਿਤ ਜਾਂਚ ਮੁਲਾਂਕਣ ਟੈਸਟ:-

**ਪ੍ਰਾਇਮਰੀ ਗੁੱਟ** ਦੇ ਹਰੇਕ ਖਿਡਾਰੀ ਦਾ ਸ਼ੈਸ਼ਨ ਦੇ ਸ਼ੁਰੂ ਵਿੱਚ ਅਧਿਆਪਕ ਦੁਆਰਾ ਪ੍ਰੋਗਰੈਸਿਵ ਟੈਸਟ ਲਿਆ ਜਾਵੇਗਾ।ਜਿਸ ਵਿੱਚ ਹੇਠ ਲਿਖੇ ਤਹਿ ਕੀਤੇ ਮਾਪਦੰਡ ਹੋਣਗੇ।ਇਹ ਟੈਸਟ 'ਪੜ੍ਹੋ ਪੰਜਾਬ ਪੜ੍ਹਾਓ ਪੰਜਾਬ 'ਅਤੇ **' ਖੇਡੋ ਪੰਜਾਬ ਵਧੋ ਪੰਜਾਬ'** ਦੀ ਮੁੱਢਲੀ ਅਤੇ ਮੱਧਵਰਤੀ ਅਤੇ ਅੰਤਿਮ ਜਾਂਚ ਸਮੇ ਲਿਆ ਜਾਵੇਗਾ ਅਤੇ ਹਰੇਕ ਵਿਦਿਆਰਥੀ ਦੀ ਪ੍ਰਗਤੀ ਰਿਪੋਰਟ ਤਿਆਰ ਕੀਤੀ ਜਾਵੇਗੀ। **ਜਿਹੜੇ ਖਿਡਾਰੀ ਅੰਡਰ-ਵੇਟ ਪਾਏ ਜਾਣਗੇ, ਉਹਨਾਂ ਦੇ ਮਾਪਿਆਂ ਦੀ ਕਾਉਂਸਲਿੰਗ ਕਰਕੇ ਖਿਡਾਰੀਆਂ ਨੂੰ ਸਪੈਸਲ ਪੋਸ਼ਟਿਕ ਖੁਰਾਕ ਦੇਣ ਲਈ ਪ੍ਰੇਰਿਤ ਕੀਤਾ ਜਾਵੇਗਾ।**

| ਲੜੀ ਨੰ | ਕਿਰਿਆ ਦਾ ਨਾਂ | ਮੁੱਢਲੀ ਜਾਂਚ (ਸਮਾਂ/ਦੂਰੀ/ਉਚਾਈ) | ਮੱਧਵਰਤੀ ਜਾਂਚ ( ਸਮਾਂ/ਦੂਰੀ/ਉਚਾਈ) | ਅੰਤਿਮ ਜਾਂਚ (ਸਮਾਂ/ਦੂਰੀ/ਉਚਾਈ) | ਪ੍ਰਗਤੀ |
|---|---|---|---|---|---|
| 1 | ਸਟੈਡਿੰਗ ਜੰਪ | | | | |
| 2 | ਵਰਟੀਕਲ ਜੰਪ | | | | |
| 3 | 30 ਮੀਟਰ ਸਪਰਿੰਟ | | | | |
| 4 | 10 ਮੀਟਰ ਸ਼ਟਲ ਰੇਸ | | | | |
| 5 | 600 ਮੀਟਰ ਰੇਸ | | | | |

**ਸੈਕੰਡਰੀ ਵਿੰਗ** ਦੇ ਹਰੇਕ ਖਿਡਾਰੀ ਦਾ ਸਰੀਰਕ ਸਿੱਖਿਆ ਅਧਿਆਪਕ ਦੁਆਰਾ ਪ੍ਰੋਗਰੈਸਿਵ ਟੈਸਟ ਲਿਆ ਜਾਵੇਗਾ। ਜਿਸ ਵਿੱਚ ਹੇਠ ਲਿਖੇ ਤਹਿ ਕੀਤੇ ਮਾਪਦੰਡ ਹੋਣਗੇ।ਇਸ ਟੈਸਟ ਰਾਹੀਂ ਖਿਡਾਰੀ ਦੀ ਮੁੱਢਲੀ, ਮੱਧਵਰਤੀ ਅਤੇ ਅੰਤਿਮ ਪ੍ਰਗਤੀ ਰਿਪੋਰਟ ਤਿਆਰ ਕੀਤੀ ਜਾਵੇਗੀ। **ਜਿਹੜੇ ਖਿਡਾਰੀ ਅੰਡਰ-ਵੇਟ ਪਾਏ ਜਾਣਗੇ, ਉਹਨਾਂ ਦੇ ਮਾਪਿਆਂ ਦੀ ਕਾਉਂਸਲਿੰਗ ਕਰਕੇ ਖਿਡਾਰੀਆਂ ਨੂੰ ਸਪੈਸਲ ਪੋਸ਼ਟਿਕ ਖੁਰਾਕ ਦੇਣ ਲਈ ਪ੍ਰੇਰਿਤ ਕੀਤਾ ਜਾਵੇਗਾ।**

| ਲੜੀ ਨੰ | ਕਿਰਿਆ ਦਾ ਨਾਂ | ਮੁੱਢਲਾ ਮੁਲਾਂਕਣ (ਸਮਾਂ/ਦੂਰੀ/ਉਚਾਈ) | ਮੱਧਵਰਤੀ ਮੁਲਾਂਕਣ (ਸਮਾਂ/ਦੂਰੀ/ਉਚਾਈ) | ਅੰਤਿਮ ਮੁਲਾਂਕਣ(ਸਮਾਂ/ ਦੂਰੀ/ਉਚਾਈ) | ਪ੍ਰਗਤੀ |
|---|---|---|---|---|---|
| 1 | ਸਟੈਡਿੰਗ ਜੰਪ | | | | |
| 2 | ਵਰਟੀਕਲ ਜੰਪ | | | | |
| 3 | 30 ਮੀਟਰ ਸਪਰਿੰਟ | | | | |
| 4 | 10 ਮੀਟਰ ਸ਼ਟਲ ਦੌੜ | | | | |
| 5 | 2.4 ਕਿਲੋ ਮੀਟਰ ਦੌੜ | | | | |

ਪ੍ਰਾਇਮਰੀ ਸਕੂਲ ਦੇ ਹਰੇਕ ਵਿਦਿਆਰਥੀ ਨੂੰ ਖੇਡਾਂ ਨਾਲ ਜੋੜਨ ਲਈ ਦੋ ਤਰ੍ਹਾਂ ਦੀਆਂ ਖੇਡ. ਕਿਰਿਆਵਾਂ ਮੁੱਖ ਖੇਡਾਂ ਅਤੇ ਹੋਰ ਖੇਡਾਂ ( Major and Minor ) ਕਰਵਾਈਆਂ ਜਾਣਗੀਆਂ:-

## 18.0 ਜਮਾਤ ਅਨੁਸਾਰ ਘੱਟੋ ਘੱਟ ਖੇਡਾਂ ਦੇ ਟੀਚੇ ਹੇਠ ਲਿਖਤ ਅਨੁਸਾਰ ਹੋਣਗੇ:-

| ਜਮਾਤ | ਮੰਨੋਰੰਜਨ ਕਿਰਿਆਵਾਂ ਦਾ ਨਾਂ | ਘੱਟੋ-ਘੱਟ ਟੀਚਾ |
|---|---|---|
| ਪਹਿਲੀ | ਮਾਸ ਪੀ.ਟੀ. | 2 ਐਕਸਰਸਾਈਜ |
| | ਬਾਲ ਸੁੱਟਣਾ ਅਤੇ ਕੈਚ ਕਰਨਾ | 5/10 ਵਾਰ |
| | ਰੁਮਾਲ ਚੁੱਕਣਾ | - |
| | ਲੁੱਡੋ | - |
| | ਉਚ ਨੀਚ | - |
| | ਸੱਪ ਪੌੜੀ | - |
| ਦੂਸਰੀ | ਮਾਸ ਪੀ.ਟੀ. | 3 ਐਕਸਰਸਾਈਜ |
| | ਬਾਲ ਸੁੱਟਣਾ ਅਤੇ ਕੈਚ ਕਰਨਾ | 10/15 ਵਾਰ |
| | ਛੂਹਣ ਛੁਹਾਈ | --- |
| | ਲੰਗੜੀ ਟੰਗ | 5 ਮੀਟਰ |
| | ਸਟਾਪੂ/ਪੀਚੋ | - |
| ਤੀਸਰੀ | ਮਾਸ ਪੀ.ਟੀ. | 5 ਐਕਸਰਸਾਈਜਜ਼ |
| | ਬਾਲ ਸੁੱਟਣਾ ਅਤੇ ਕੈਚ ਕਰਨਾ | 10ਤੋਂ15 ਵਾਰ |
| | ਰੱਸੀ ਟੱਪਣਾ | 15 ਵਾਰ |
| | ਕੈਰਮ | - |
| | ਚਮਚ ਦੌੜ | 10 ਮੀਟਰ |
| | ਕੋਟਲਾ ਛਪਾਕੀ | - |
| ਚੌਥੀ | ਮਾਸ ਪੀ.ਟੀ. | 5 ਐਕਸਰਸਾਈਜ |
| | ਬਾਲ ਸੁੱਟਣਾ ਅਤੇ ਕੈਚ ਕਰਨਾ | 10ਤੋਂ 15 ਵਾਰ |
| | ਰੱਸੀ ਟੱਪਣਾ | 20 ਵਾਰ |
| | ਕੋਟਲਾ ਛਪਾਕੀ | - |

| | | |
|---|---|---|
| | ਪੀਚੋ ਬੱਕਰੀ | – |
| | ਪਿੱਠੂ ਗਰਮ | – |
| | ਚੱਕਰ ਵਾਲੀ ਖੋ-ਖੋ | – |
| **ਪੰਜਵੀ** | ਮਾਸ ਪੀ.ਟੀ. ਅਤੇ ਯੋਗਾ | 5 ਐਕਸਰਸਾਈਜ |
| | ਬਾਲ ਸੁੱਟਣਾ ਅਤੇ ਕੈਚ ਕਰਨਾ | 15ਤੋਂ20 ਵਾਰ |
| | ਰੱਸੀ ਟੱਪਣਾ | 25 ਵਾਰ |
| | ਅੰਨਾ ਝੋਟਾ | – |
| | ਲੰਗੜੀ ਟੰਗ | 10 ਮੀਟਰ |
| | ਬੋਰੀ ਛਾਲ ਦੌੜ | ਮੀਟਰ |

**19.0 ਪ੍ਰਾਇਮਰੀ ਸਕੂਲਾਂ ਦੇ ਮਨੋਰੰਜਨ ਕਿਰਿਆਵਾਂ ਪ੍ਰੋਗਰਾਮ ਤਹਿਤ ਹੇਠ ਲਿਖੀਆਂ ਮਨੋਰੰਜਕ ਕਿਰਿਆਵਾਂ ਹਰੇਕ ਵਿਦਿਆਰਥੀ ਲਈ ਜ਼ਰੂਰੀ ਹਨ।**

| ਲੜੀ ਨੰ | ਮਨੋਰੰਜਨ ਕਿਰਿਆ ਦਾ ਨਾਂ |
|---|---|
| 1. | ਮਾਸ, ਪੀ.ਟੀ. |
| 2. | ਰੱਸੀ ਟੱਪਣਾ |
| 3. | ਰੁਮਾਲ ਚੁੱਕਣਾ |
| 4. | ਕੋਟਲਾ ਛਪਾਕੀ |
| 5. | ਚੱਕਰ ਵਾਲੀ ਖੋ-ਖੋ |
| 6. | ਪਿੱਠੂ ਗਰਮ |
| 7. | ਸਟਾਪੂ/ਪੀਚੋ |
| 8. | ਲੰਗੜੀ ਟੰਗ |
| 9. | ਅੰਨਾ ਝੋਟਾ |
| 10. | ਕੈਰਮ |
| 11. | ਬਾਲ ਦੌੜ |
| 12. | ਬੋਰੀ ਛਾਲ ਦੌੜ |
| 13. | ਚਮਚ ਦੌੜ |
| 14. | ਚਾਟੀ /ਸੇਬ ਦੌੜ |

## 20.0 ਪ੍ਰਾਇਮਰੀ ਸਕੂਲਾਂ ਲਈ ਮੁਕਾਬਲੇ ਵਾਲੀਆਂ ਖੇਡਾਂ:-

| ਲੜੀ ਨੰ | ਮੁਕਾਬਲੇ ਵਾਲੀਆਂ ਖੇਡਾਂ | ਵਰਗ |
|---|---|---|
| 1. | ਖੋ-ਖੋ | ਲੜਕੇ/ਲੜਕੀਆਂ |
| 2. | ਕਬੱਡੀ ਸਰਕਲ ਸਟਾਈਲ | ਲੜਕੇ |
| 3. | ਕਬੱਡੀ ਨੈਸ਼ਨਲ ਸਟਾਈਲ | ਲੜਕੇ/ਲੜਕੀਆਂ |
| 4. | ਅਥਲੈਟਿਕਸ (ਦੌੜਾਂ, ਲੰਬੀ ਛਾਲ ਤੇ ਗੋਲਾ ਸੁੱਟਣਾ) | ਲੜਕੇ/ਲੜਕੀਆਂ |
| 5. | ਜਿਮਨਾਸਿਟਕ,ਰਿਧਮਿਕ,ਆਰਟਿਸਟਿਕ(ਫਲੋਰ ਐਕਸਰਸਾਈਜ਼) | ਲੜਕੇ/ਲੜਕੀਆਂ |
| 6. | ਯੋਗਾ | ਲੜਕੇ/ਲੜਕੀਆਂ |
| 7. | ਫੁੱਟਬਾਲ | ਲੜਕੇ/ਲੜਕੀਆਂ |
| 8. | ਰੱਸੀ ਟੱਪਣਾ | ਲੜਕੇ/ਲੜਕੀਆਂ |
| 9. | ਸ਼ਤਰੰਜ | ਲੜਕੇ/ਲੜਕੀਆਂ |
| 10. | ਰੱਸਾਕਸੀ | ਲੜਕੇ |
| 11. | ਕੁਸ਼ਤੀਆਂ | ਲੜਕੇ |
| 12. | ਬੈਡਮਿੰਟਨ | ਲੜਕੇ/ਲੜਕੀਆਂ |

| | | |
|---|---|---|
| 13. | ਤੈਰਾਕੀ | ਲੜਕੇ/ਲੜਕੀਆਂ |
| 14. | ਸਕੇਟਿੰਗ | ਲੜਕੇ/ਲੜਕੀਆਂ |
| 15. | ਕਰਾਟੇ | ਲੜਕੇ/ਲੜਕੀਆਂ |
| 16. | ਗੱਤਕਾ | ਲੜਕੇ |

## 21.0 ਸੈਕੰਡਰੀ ਵਿੰਗ ਲਈ ਖੇਡ ਕਲੰਡਰ:-

ਨੈਸਨਲ ਪੱਧਰ ਤੇ ਖੇਡਣ ਜਾਣ ਵਾਲੀਆਂ ਖੇਡਾਂ ਦੀ ਗਿਣਤੀ 86 ਤੋਂ ਘਟਾ ਕੇ 36 ਕਰ ਦਿੱਤੀ ਗਈ ਹੈ ਜਿਸ ਵਿੱਚ 30 ਖੇਡਾਂ ਉਹ ਹਨ ਜਿਹਨਾਂ ਦੀ ਸਪੋਰਟਸ ਵਿਭਾਗ ਪੰਜਾਬ ਵੱਲੋਂ ਗ੍ਰੇਡੇਸਨ ਕੀਤੀ ਜਾਂਦੀ ਹੈ ਜਿਸਦਾ ਖਿਡਾਰੀਆਂ ਨੂੰ ਉੱਚ ਸਿੱਖਿਆ ਅਤੇ ਨੌਕਰੀ ਵਿੱਚ ਕੋਟਾ/ਲਾਭ ਮਿਲਦਾ ਹੈ। ਗ੍ਰੇਡੇਸਨਲ ਖੇਡਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:

| ਲੜੀ ਨੰ | ਖੇਡ ਦਾ ਨਾਮ | ਲੜੀ ਨੰ: | ਖੇਡ ਦਾ ਨਾਮ |
|---|---|---|---|
| 1 | ਤੀਰ ਅੰਦਾਜ਼ੀ | 16 | ਖੋ-ਖੋ |
| 2 | ਅਥਲੈਟਿਕਸ | 17 | ਤਲਵਾਰਬਾਜ਼ੀ |
| 3 | ਬੈਡਮਿੰਟਨ | 18 | ਹੈਂਡਬਾਲ |
| 4 | ਮੁੱਕੇਬਾਜ਼ੀ | 19 | ਸਾਫਟਬਾਲ |
| 5 | ਹਾਕੀ | 20 | ਕ੍ਰਿਕਟ |
| 6 | ਨਿਸ਼ਾਨੇਬਾਜ਼ੀ (ਸ਼ੂਟਿੰਗ) | 21 | ਗੱਤਕਾ |
| 7 | ਲਾਅਨ ਟੈਨਿਸ | 22 | ਕਬੱਡੀ ਸਰਕਲ |
| 8 | ਵੇਟਲਿਫਟਿੰਗ | 23 | ਨੈੱਟਬਾਲ |
| 9 | ਕੁਸ਼ਤੀਆਂ(ਗਰੀਕੋ ਰੋਮਨ, ਫਰੀ ਸਟਾਈਲ | 24 | ਸਕੇਟਿੰਗ ਅਤੇ ਰੋਲਰ ਹਾਕੀ |
| 10 | ਬਾਸਕਿਟਬਾਲ | 25 | ਸਵੀਮਿੰਗ ਅਤੇ ਵਾਟਰ ਪੋਲੋ |
| 11 | ਸਾਇਕਲਿੰਗ (ਰੋਡ ਅਤੇ ਟ੍ਰੈਕ ) | 26 | ਟੇਬਲ ਟੈਨਿਸ |
| 12 | ਫੁੱਟਬਾਲ | 27 | ਵਾਲੀਬਾਲ |
| 13 | ਜਿਮਨਾਸਟਿਕ,(ਰਿਧਮਿਕ ਤੇ ਆਰਟਿਸਟਿਕ) | 28 | ਕਬੱਡੀ (ਨੈਸ਼ਨਲ ਸਟਾਇਲ) |
| 14 | ਜੂਡੋ | 29 | ਪਾਵਰ ਲਿਫਟਿੰਗ |
| 15 | ਸ਼ਤਰੰਜ | 30 | ਕਿੱਕ ਬਾਕਸਿੰਗ |

## 22.0 ਸੈਕੰਡਰੀ ਸਕੂਲਾਂ ਲਈ ਹੋਰ ਖੇਡਾਂ:-

| | |
|---|---|
| 1 | **ਕੈਰਮ** |
| 2 | **ਕਰਾਟੇ** |
| 3 | **ਰੱਸਾ ਕੱਸ਼ੀ** |
| 4 | **ਲੰਗੋਰੀ** |
| 5 | **ਬਾਲ ਸ਼ੂਟਿੰਗ** |
| 6 | **ਯੋਗਾ** |

## 23.0 ਟੀਚੇ ਪ੍ਰਾਪਤ ਕਰਨ ਲਈ ਸਰਗਰਮੀਆਂ ਦੀ ਰੂਪ-ਰੇਖਾ

23.1 ਹਰੇਕ ਵਿਦਿਆਰਥੀ ਲਈ ਉਕਤ ਘੱਟੋ-ਘੱਟ ਨਿਰਧਾਰਤ ਕੀਤੇ ਗਏ ਟੀਚੇ ਪ੍ਰਾਪਤ ਕਰਨੇ ਜ਼ਰੂਰੀ ਹੋਣਗੇ।

23.2 ਬੱਚਿਆਂ ਲਈ ਖੇਡ ਸਰਗਰਮੀਆਂ ਦਿਨਾਂ ਦੇ ਹਿਸਾਬ ਨਾਲ ਜਮਾਤ ਅਨੁਸਾਰ 60 ਮਿੰਟਾਂ ਲਈ ਅੱਧੀ ਛੁੱਟੀ ਤੋਂ ਬਾਅਦ ਕਰਵਾਈਆਂ ਜਾਣਗੀਆਂ।

23.3 ਹਰੇਕ ਸਕੂਲ 'ਚ ਮਹੀਨੇ ਦੇ ਆਖਰੀ ਸ਼ਨੀਵਾਰ ਉਪਰੋਕਤ ਖੇਡਾਂ ਦੇ ਅੰਤਰ ਹਾਊਸ ਮੁਕਾਬਲੇ ਕਰਵਾਏ ਜਾਣਗੇ।

23.4 ਉਕਤ ਸਮਾਗਮਾਂ ਦੌਰਾਨ ਸਕੂਲ ਦਾ ਸਮੁੱਚਾ ਸਟਾਫ ਸਰੀਰਿਕ ਸਿੱਖਿਆ ਅਧਿਆਪਕਾਂ ਨੂੰ ਪੂਰਨ ਸਹਿਯੋਗ ਦੇਣਗੇ। ਜਿਸ ਸਬੰਧੀ ਸਕੂਲ ਮੁੱਖੀ ਸਟਾਫ ਮੈਂਬਰਜ਼ ਦੀਆਂ ਡਿਊਟੀਆਂ ਲਗਾਉਣਗੇ।

23.5 ਵਿਦਿਅਕ ਸ਼ੈਸ਼ਨ ਦੇ ਆਰੰਭ 'ਚ ਖੇਡ ਪ੍ਰਤਿਭਾ ਖੋਜ ਪ੍ਰਤੀਯੋਗਤਾ ਕਰਵਾਈ ਜਾਵੇ ਅਤੇ ਵਧੀਆ ਕਾਰਗੁਜ਼ਾਰੀ ਵਾਲੇ ਖਿਡਾਰੀਆਂ ਵੱਲ ਵਿਸ਼ੇਸ਼ ਤਵੱਜੋ ਦਿੱਤੀ ਜਾਵੇ।

23.6 ਉਕਤ ਸਮਾਗਮਾਂ ਦੇ ਜੇਤੂ ਵਿਦਿਆਰਥੀਆਂ ਨੂੰ ਇਨਾਮ ਦੇ ਰੂਪ ਵਿੱਚ ਤਗਮੇ, ਟਰਾਫੀ ਜਾਂ ਹੋਰ ਇਨਾਮੀ ਸਮੱਗਰੀ ਪ੍ਰਦਾਨ ਕੀਤੀ ਜਾਵੇ।

23.7 ਇਨਾਮਾਂ ਤੋਂ ਇਲਾਵਾ ਖਿਡਾਰੀਆਂ ਨੂੰ ਸਕੂਲ ਮੁਖੀ ਅਤੇ ਸਕੂਲ ਪ੍ਰਬੰਧਕ ਕਮੇਟੀ ਦੇ ਮੁੱਖੀ ਦੇ ਦਸਤਖਤਾਂ ਵਾਲੇ ਸਨਮਾਨ ਪੱਤਰ ਪ੍ਰਦਾਨ ਕੀਤੇ ਜਾਣ।

23.8 ਉਕਤ ਸਮਾਗਮਾਂ ਦੇ ਮੋਹਰੀ ਖਿਡਾਰੀਆਂ ਦੀਆਂ ਤਸਵੀਰਾਂ ਜਾਂ ਹੋਰ ਵੇਰਵੇ ਸਬੰਧਤ ਜਮਾਤ ਅਤੇ ਸਕੂਲ ਦੇ ਮੈਰਿਟ ਬੋਰਡ/ਚਮਕਦੇ ਸਿਤਾਰੇ ਬੋਰਡ 'ਚ ਲਗਾਏ ਜਾਣ।

## 24.0 ਕੌਮੀ ਦਿਵਸ ਤੇ ਸਲਾਨਾ ਸਮਾਗਮ

ਹਰ ਸਾਲ ਕੌਮੀ ਖੇਡ ਦਿਵਸ (29 ਅਗਸਤ) ਮੌਕੇ ਸਕੂਲਾਂ 'ਚ ਖੇਡ ਸਮਾਗਮ ਕਰਵਾਏ ਜਾਣਗੇ। ਇਸ ਮੌਕੇ ਵਿਦਿਆਰਥੀਆਂ ਨੂੰ ਕੌਮੀ ਦਿਵਸਾਂ ਦੀ ਅਹਿਮੀਅਤ ਅਤੇ ਇਤਿਹਾਸ ਬਾਰੇ ਜਾਣਕਾਰੀ ਦਿੱਤੀ ਜਾਵੇਗੀ।

ਰਾਜ ਦੇ ਹਰੇਕ ਸਕੂਲ ਵਿੱਚ ਹਰ ਸਾਲ ਸਾਰੇ ਸਕੂਲਾਂ ਵਿੱਚ ਸਲਾਨਾ ਸਪੋਰਟਸ ਡੇ/ਅਥਲੈਟਿਕ ਮੀਟ ਕਰਵਾਉਣਾ ਲਾਜ਼ਮੀ ਹੋਵੇਗਾ।

## 25.0 ਸਮਾਜਿਕ ਭਾਗੀਦਾਰੀ

25.1 ਉਪਰੋਕਤ ਸਮਾਗਮਾਂ'ਚ ਮਾਪਿਆਂ, ਸਥਾਨਕ ਵਾਸੀਆਂ ਅਤੇ ਮੋਹਤਬਰ ਵਿਅਕਤੀਆਂ ਦੀ ਸ਼ਮੂਲੀਅਤ ਨੂੰ ਯਕੀਨੀ ਬਣਾਇਆ ਜਾਵੇਗਾ।

25.2 ਇੰਨ੍ਹਾਂ ਸਮਾਗਮਾਂ ਸਬੰਧੀ ਮੀਡੀਆ 'ਚ ਖਬਰਾਂ ਪ੍ਰਕਾਸ਼ਿਤ/ਪ੍ਰਸਾਰਿਤ ਕਰਵਾਈਆਂ ਜਾਣ।

## 26.0 ਖੇਡ ਨਿਯਮਾਂਵਲੀ ਤੇ ਰਿਫਰੈਸ਼ਰ ਕੋਰਸ

26.1 ਪ੍ਰਾਇਮਰੀ ਪੱਧਰ ਤੇ ਕਰਵਾਈਆਂ ਜਾਣ ਵਾਲੀਆਂ ਖੇਡਾਂ ਲਈ ਨਿਯਮਾਂ ਸਬੰਧੀ ਇੱਕ ਕਿਤਾਬਚਾ ਮਾਹਿਰਾਂ ਦੁਆਰਾ ਤਿਆਰ ਕਰਵਾਕੇ ਸਕੂਲਾਂ ਵਿੱਚ ਭੇਜਿਆ ਜਾਵੇਗਾ।

26.2 ਪ੍ਰਾਇਮਰੀ ਸਕੂਲਾਂ ਦੇ ਅਧਿਆਪਕਾਂ ਨੂੰ ਵੱਖ-ਵੱਖ ਖੇਡਾਂ ਬਾਰੇ ਜਾਣਕਾਰੀ ਲਈ ਬਲਾਕ ਪੱਧਰ ਤੇ ਫਿਜੀਕਲ ਅਧਿਆਪਕਾਂ ਦੇ ਰਿਸੋਰਸ ਗਰੁੱਪਾ ਰਾਹੀਂ ਸਿਖਲਾਈ ਦਿੱਤੀ ਜਾਵੇਗੀ।

26.3 ਰਾਜ ਦੇ ਸਾਰੇ ਸਕੂਲਾਂ ਵਿੱਚ ਕੰਪਿਊਟਰ ਸੇਵਾਵਾਂ ਉਪਲੱਬਧ ਹਨ।ਬੱਚਿਆਂ ਨੂੰ ਖੇਡ ਮੁਕਾਬਲਿਆਂ ਦੀਆਂ ਸੀ.ਡੀ. ਕੰਪਿਊਟਰ ਰਾਹੀਂ ਦਿਖਾਈਆਂ ਜਾਣਗੀਆਂ। ਅਜਿਹਾ ਕਰਨ ਨਾਲ ਬੱਚਿਆਂ ਦਾ ਖੇਡ ਪ੍ਰਤੀ ਅਤੇ ਸਰੀਰਕ ਫਿਟਨੈਂਸ ਪ੍ਰਤੀ ਰੁਝਾਨ ਵਧੇਗਾ।

26.4 ਹਰੇਕ ਸਾਲ ਲੈਕਚਰਾਰ (ਫਿਜੀ.ਐਜੂ), ਸਰੀਰਕ ਸਿੱਖਿਆ ਅਧਿਆਪਕਾਂ ਦੇ ਉਨ੍ਹਾਂ ਨਾਲ ਸਬੰਧਤ ਖੇਡ ਦੇ ਰਿਫਰੈਸ਼ਰ ਕੋਰਸ/ਸੈਮੀਨਾਰ ਲਗਾਏ ਜਾਣਗੇ। ਜਿਹੜੇ ਪ੍ਰਾਇਮਰੀ ਸਕੂਲਾਂ ਦੇ ਅਧਿਆਪਕ ਖੇਡ ਸਰਗਰਮੀਆਂ ਵਧੀਆ ਢੰਗ ਨਾਲ ਚਲਾ

ਰਹੇ ਹਨ ਉਹਨਾਂ ਦੇ ਸਿਖਲਾਈ ਕੈਂਪ,ਖੇਡ ਮਾਹਿਰਾਂ ਰਾਹੀਂ ਸੈਸ਼ਨ (ਵਿਦਿਅਕ ਵਰੇ) ਦੀ ਸ਼ੁਰੂਆਤ ਵਿੱਚ ਲਗਾਏ ਜਾਣਗੇ।

**27.0 ਵਿਸੇਸ ਲੋੜਾਂ ਵਾਲੇ (CWSN) ਵਿਦਿਆਰਥੀਆਂ ਲਈ ਖੇਡਾਂ:**

<table>
<tr><th>ਲੜੀ ਨੰ</th><th>ਖੇਡ ਦਾ ਨਾਮ</th></tr>
<tr><td>1</td><td>ਬੈਡਮਿੰਟਨ</td></tr>
<tr><td>2</td><td>ਫਲੋਰ ਬਾਲ</td></tr>
<tr><td>3</td><td>ਟੇਬਲ ਟੈਨਿਸ</td></tr>
<tr><td>4</td><td>ਫੁੱਟਬਾਲ- 5-a-side</td></tr>
<tr><td>5</td><td>ਹੈਂਡਬਾਲ</td></tr>
<tr><td>6</td><td>ਸਾਫਟਬਾਲ</td></tr>
<tr><td>7</td><td>ਵਾਲੀਬਾਲ</td></tr>
<tr><td>8</td><td>ਅਥਲੈਟਿਕਸ<br><table>
<tr><td>25 Meters Run and Walk</td><td>4x100/400M relay</td></tr>
<tr><td>50Meters Run and Walk</td><td>Long Jump</td></tr>
<tr><td>100 M/200 M/400M Run</td><td>Shotput</td></tr>
<tr><td>800 M/1500 M Run</td><td>100M/200M/400M walk</td></tr>
</table></td></tr>
</table>

ਵਿਸੇਸ ਲੋੜਾਂ ਵਾਲੇ ਵਿਦਿਆਰਥੀਆਂ ਨੂੰ ਖੇਡਾਂ ਇਹਨਾਂ ਨੂੰ ਪੜ੍ਹਾਉਣ ਵਾਲੇ ਅਧਿਆਪਕਾਂ ਵੱਲੋਂ ਹੀ ਕਰਵਾਈਆਂ ਜਾਣਗੀਆਂ ਕਿਉਂਕਿ ਉਹਨਾਂ ਦੀ ਇਹਨਾਂ ਖੇਡਾਂ ਵਿੱਚ ਮੁਹਾਰਤ ਹੁੰਦੀ ਹੈ।

**28.0 ਨੈਸਨਲ ਸਕੂਲ ਖੇਡਾਂ ਵਿੱਚ ਭਾਗ ਲੈਣ ਵਾਲੇ ਖਿਡਾਰੀਆਂ ਦੀ ਰੇਲਵੇ ਰਿਜਰਵੇਸ਼ਨ ਸਬੰਧੀ:-**

- ਐਸ.ਜੀ.ਐਫ.ਆਈ. ਵੱਲੋਂ ਰੇਲਵੇ ਕਨਸੈਸਨ ਈਵੇਂਟ ਸੁਰੂ ਹੋਣ ਤੋਂ ਥੋੜਾ ਸਮਾਂ ਪਹਿਲਾਂ ਹੀ ਭੇਜਿਆ ਜਾਂਦਾ ਹੈ ਜਿਸ ਕਰਕੇ ਬਹੁਤ ਸਾਰੀਆਂ ਟੀਮਾਂ ਲਈ ਸੀਟਾਂ ਕਨਫਰਮ ਨਹੀ ਹੁੰਦੀਆਂ। ਜੇਕਰ ਖਿਡਾਰੀਆਂ ਲਈ ਕਨਸੈਸਨ ਰੇਲਵੇ ਟਿਕਟਾਂ ਰਾਹੀਂ ਸੀਟਾਂ ਕਨਫਰਮ ਨਹੀ ਹੁੰਦੀਆਂ ਤਾਂ ਪੂਰੇ ਰੇਟ ਤੇ/ਤੱਤਕਾਲ ਟਿਕਟਾਂ ਲੈਕੇ ਦਿੱਤੀਆਂ ਜਾਣਗੀਆਂ ਕਿਉਂਕਿ ਕਨਸੈਸਨਲ ਰੇਲਵੇ ਟਿਕਟਾਂ ਨਾਲੋਂ ਪੂਰੇ ਰੇਟ ਦੀਆਂ ਟਿਕਟਾਂ ਦੀਆਂ ਸੀਟਾਂ ਕਨਫਰਮ ਹੋਣ ਦੀ ਸੰਭਾਵਨਾ ਕਾਫੀ ਜਿਆਦਾ ਹੁੰਦੀ ਹੈ। ਕਨਫਰਮ ਸੀਟ ਨਾਲ ਖਿਡਾਰੀਆਂ ਨੂੰ ਸਫਰ ਦੌਰਾਨ ਆਰਾਮ ਮਿਲ ਜਾਂਦਾ ਹੈ ਅਤੇ ਜਿਸਦਾ ਉਹਨਾਂ ਦੀ ਖੇਡ ਤੇ ਵਧੀਆ ਅਸਰ ਪੈਂਦਾ ਹੈ। ਖਿਡਾਰੀਆਂ ਦੀ ਸਹੂਲਤ ਨੂੰ ਦੇਖਦੇ ਹੋਏ ਰੇਲਵੇ ਟਿਕਟਾਂ ਦੀ ਬੁਕਿੰਗ ਕਨਸੈਸਨ, ਤੱਤਕਾਲ ਜਾ ਪੂਰੇ ਰੇਟ ਤੇ ਕੀਤੀ ਜਾਵੇਗੀ।

**29.0 ਖਿਡਾਰੀਆਂ ਦਾ ਡਾਟਾ ਆਨ- ਲਾਇਨ ਕਰਨ ਲਈ ਵੇਰਵਿਆਂ ਨੂੰ ਈ- ਪੰਜਾਬ ਪੋਰਟਲ ਨਾਲ ਜੋੜਨ ਸਬੰਧੀ:-**

29.1 ਸਿੱਖਿਆ ਵਿਭਾਗ ਵੱਲੋਂ ਖਿਡਾਰੀਆਂ ਦਾ ਸਾਰਾ ਡਾਟਾ ਈ- ਪੰਜਾਬ ਪੋਰਟਲ ਨਾਲ ਜੋੜਿਆ ਗਿਆ ਜਿਸ ਵਿੱਚ ਪਹਿਲਾਂ ਤੋ ਹੀ ਸਾਰੇ ਪੰਜਾਬ ਦੇ ਵਿਦਿਆਰਥੀਆਂ ਦਾ ਡਾਟਾ ਫੀਡ ਹੈ। ਜਿਸ ਨਾਲ ਖਿਡਾਰੀਆਂ ਦੇ ਉਮਰ ਵਰਗ ਦਾ ਸਹੀ ਰਿਕਾਰਡ ਸਰਕਾਰੀ ਵੈਬਸਾਇਟ ਤੋਂ ਸਹੀ ਪ੍ਰਾਪਤ ਹੋਵੇਗਾ। ਇਹ ਵੀ ਪਤਾ ਲਗਾਇਆ ਜਾ ਸਕੇਗਾ ਕਿ ਖੇਡਣ ਵਾਲਾ ਖਿਡਾਰੀ ਸਕੂਲ ਵਿੱਚ ਦਾਖਲ ਹੈ ਜਾਂ ਨਹੀਂ। ਇੱਕ ਖਿਡਾਰੀ ਕਿੰਨੀਆਂ ਖੇਡਾਂ ਵਿੱਚ ਭਾਗ ਲੈ ਰਿਹਾ ਹੈ ਅਤੇ ਮੌਜੂਦਾ ਉਮਰ ਗੁੱਟ ਵਿੱਚ ਕਿੰਨੀ ਵਾਰ ਭਾਗ ਲੈ ਰਿਹਾ ਹੈ। ਇਸ ਦੇ ਨਾਲ ਹੀ ਖਿਡਾਰੀਆਂ ਦੇ ਈ- ਸਰਟੀਫਿਕੇਟ ਜਾਰੀ ਕੀਤੇ ਜਾਣਗੇ।

29.2 ਈ- ਪੰਜਾਬ ਪੋਰਟਲ ਉਪਰ ਹਰ ਪੱਧਰ ਤੇ ਖਿਡਾਰੀਆਂ ਦੇ ਵੇਰਵੇ ਈ-ਸਮਰੀ ਸ਼ੀਟਸ ਅਤੇ ਸਰਟੀਫਿਕੇਟਸ ਆਨ ਲਾਈਨ ਦਰਜ ਕੀਤੇ ਜਾਣਗੇ।

29.3 ਖੇਡਾਂ ਸਬੰਧੀ ਨਿਯਮ ਗਰਾਊਂਡ ਦੇ ਮਾਪ ਅਤੇ ਸਪੈਸੀਫਿਕੇਸਨਾਂ ਪੋਰਟਲ ਉਪਰ ਦਰਜ ਕੀਤੇ ਜਾਣਗੇ।

**30.0 ਕੈਟਾਗਰਾਈਜੇਸ਼ਨ ਆਫ ਗੇਮਜ਼:-**

**ਉੱਚ ਮਹਤੱਤਾ ਵਾਲੀਆਂ ਖੇਡਾਂ:-**

ਉਹ ਖੇਡਾਂ ਜਿਹਨਾਂ ਵਿੱਚ ਪੰਜਾਬ ਰਾਜ ਦੇ ਸਕੂਲੀ ਖਿਡਾਰੀਆਂ ਵਿੱਚ ਮੈਡਲ ਲੈਣ ਦੀ ਕਾਫੀ ਸੰਭਾਵਨਾ ਹੈ, ਨੂੰ ਪਹਿਲ ਦਿੱਤੀ ਜਾਵੇਗੀ। ਸਕੂਲ ਸਿੱਖਿਆ ਵਿਭਾਗ ਵੱਲੋਂ ਹੇਠ ਲਿਖੇ ਅਨੁਸਾਰ ਇਹਨਾਂ ਖੇਡਾਂ ਦੀ ਪਹਿਚਾਣ ਕੀਤੀ ਗਈ ਹੈ ਜਿਨ੍ਹਾਂ ਤੇ ਵਧੇਰੇ ਧਿਆਨ, ਪ੍ਰੈਕਟਿਸ, ਟ੍ਰੇਨਿੰਗ, ਵਧੀਆ ਬੁਨਿਆਦੀ ਢਾਂਚਾ ਅਤੇ ਤਕਨੀਕ ਦੀ ਸਹਾਇਤਾ ਨਾਲ ਵਧੀਆ ਪ੍ਰਦਸ਼ਨ ਕਰਨ/ ਮੈਡਲ ਵਧਾਉਣ ਵਿੱਚ ਮਦਦ ਮਿਲੇਗੀ:

| ਲੜੀ ਨੰ | ਖੇਡ ਦਾ ਨਾਮ | ਲੜੀ ਨੰ: | ਖੇਡ ਦਾ ਨਾਮ |
|---|---|---|---|
| 1. | ਅਥਲੈਟਿਕਸ | 8 | ਜੂਡੋ |
| 2 | ਬੈਡਮਿੰਟਨ | 9 | ਹਾਕੀ |
| 3 | ਮੁੱਕੇਬਾਜ਼ੀ | 10 | ਵਾਲੀਬਾਲ |
| 4 | ਕੁਸ਼ਤੀਆਂ | 11 | ਕਬੱਡੀ (ਨੈਸ਼ਨਲ ਸਟਾਇਲ) |
| 5 | ਬਾਸਕਟਬਾਲ | | |
| 6 | ਫੁੱਟਬਾਲ | | |
| 7 | ਕ੍ਰਿਕੇਟ | | |

Bhm

<u>ਮਹੱਤਵਪੂਰਣ ਖੇਡਾਂ:-</u>

ਉਹ ਖੇਡਾਂ ਜੋਕਿ ਕਾਮਨਵੈਲਥ, ਏਸੀਅਨ ਗੇਮਜ਼ ਅਤੇ ਓਲੰਪਿਕ ਖੇਡਾਂ ਵਿੱਚ ਖੇਡੀਆਂ ਜਾਂਦੀਆਂ ਹਨ ਅਤੇ ਇਸ ਤੋਂ ਇਲਾਵਾ ਸਾਡੀਆਂ ਵਿਰਾਸਤੀ ਖੇਡਾਂ ਜਿਹਨਾਂ ਬਾਰੇ ਜਜ਼ਬਾ ਤਾਂ ਹੈ ਪਰ ਅੰਤਰ-ਰਾਸਟਰੀ ਪੱਧਰ ਦੇ ਮੁਕਾਬਲਿਆਂ ਦੇ ਪੈਮਾਨੇ ਤੋਂ ਦੂਰ ਹਨ, ਇਸ ਵਰਗ ਨਾਲ ਸਬੰਧਤ ਹੋਣਗੀਆਂ। ਇਹਨਾਂ ਖੇਡਾਂ ਸਬੰਧੀ ਸਕਿੱਲ ਖਿਡਾਰੀਆਂ ਵਿੱਚ ਪੈਦਾ ਕਰਨ ਅਤੇ ਵਧੀਆ ਬੁਨਿਆਦੀ ਢਾਂਚਾ ਅਤੇ ਕੋਚਿੰਗ ਸੁਵਿਧਾਵਾਂ ਦੇਣ ਦੇ ਯਤਨ ਕੀਤੇ ਜਾਣਗੇ। ਨੈਸਨਲ ਪੱਧਰ ਤੇ ਇਹਨਾਂ ਖੇਡਾਂ ਵਿੱਚ ਜਿਕਰਯੋਗ ਪ੍ਰਦਸ਼ਨ ਦੀ ਕੋਸਿਸ ਕੀਤੀ ਜਾਵੇਗੀ। ਇਸ ਵਰਗ ਵਿੱਚ ਹੇਠ ਲਿਖੇ ਅਨੁਸਾਰ ਖੇਡਾਂ ਸਾਮਿਲ ਕੀਤੀਆਂ ਗਈਆਂ ਹਨ:-

| ਲੜੀ ਨੰ | ਖੇਡ ਦਾ ਨਾਮ | ਲੜੀ ਨੰ | ਖੇਡ ਦਾ ਨਾਮ |
|---|---|---|---|
| 1 | ਤੀਰ ਅੰਦਾਜੀ (ਆਰਚਰੀ) | 14 | ਖੋ-ਖੋ |
| 2 | ਲਾਅਨ ਟੈਨਿਸ | 15 | ਨੈੱਟਬਾਲ |
| 3 | ਵੇਟਲਿਫਟਿੰਗ | 16 | ਸਕੇਟਿੰਗ ਅਤੇ ਰੋਲਰ ਹਾਕੀ |
| 4 | ਨਿਸ਼ਾਨੇਬਾਜੀ (ਸ਼ੂਟਿੰਗ) | 17 | ਸਵੀਮਿੰਗ, ਵਾਟਰ ਪੋਲੋ ਅਤੇ ਡਾਈਵਿੰਗ |
| 5 | ਜਿਮਨਾਸਟਿਕ (ਰਿਧਮਿਕ ਤੇ ਆਰਟਿਸਟਿਕ | 18 | ਪਾਵਰ ਲਿਫਟਿੰਗ |
| 6 | ਸਰਕਲ ਕਬੱਡੀ | 19 | ਕਿੱਕ ਬਾਕਸਿੰਗ |
| 7 | ਸ਼ਤਰੰਜ | 20 | ਸਾਇਕਲਿੰਗ (ਰੋਡ ਅਤੇ ਟ੍ਰੈਕ) |
| 8 | ਕੈਰਮ | 21 | ਲਾਗੋਰੀ |
| 9 | ਕਰਾਟੇ | 22 | ਬਾਲ ਸ਼ੂਟਿੰਗ |
| 10 | ਰੱਸਾ-ਕੱਸ਼ੀ | 23 | ਯੋਗ |
| 11 | ਟੇਬਲ ਟੈਨਿਸ | 24 | ਹੈਂਡਬਾਲ |
| 12 | ਸਾਫਟਬਾਲ | 25 | ਗੱਤਕਾ |
| 13 | ਤਲਵਾਰਬਾਜੀ (ਫੈਨਸਿੰਗ) | | |

<u>31.0 ਬੈਸਟ ਕੋਚ ਦਾ ਅਵਾਰਡ ਦੇਣ ਸਬੰਧੀ:-</u>

ਜਿਹੜੇ ਅਧਿਆਪਕ/ਕੋਚ ਵੱਲੋਂ ਤਿਆਰ ਕੀਤੇ ਖਿਡਾਰੀ ਨੈਸਨਲ/ਇੰਟਰਨੈਸਨਲ ਪੱਧਰ ਦੀਆਂ ਖੇਡਾਂ ਵਿੱਚ ਪਹਿਲੀ ਪੁਜੀਸਨ ਤੇ ਜੇਤੂ ਰਹਿਣਗੇ ਉਹਨਾਂ ਅਧਿਆਪਕਾਂ/ਕੋਚਾਂ ਨੂੰ ਜਿਲ੍ਹਾ ਪੱਧਰ ਤੇ ਬੈਸਟ ਕੋਚ ਦਾ ਅਵਾਰਡ/ਪ੍ਰਸ਼ੰਸਾ ਪੱਤਰ ਸਬੰਧਤ ਜਿਲ੍ਹਾ ਸਿੱਖਿਆ ਅਫਸਰ (ਸੈਸਿ) ਵੱਲੋਂ ਦਿੱਤਾ ਜਾਵੇਗਾ।

ਪੰਜਾਬ ਰਾਜ ਦੇ ਸਮੂਹ ਜਿਲ੍ਹਿਆਂ ਵਿਚੋਂ ਚੁਣੇ ਗਏ ਇੱਕ ਬੈਸਟ ਕੋਚ ਨੂੰ ਰਾਜ ਪੱਧਰ ਤੇ ਅਧਿਆਪਕ ਦਿਵਸ ਦੇ ਮੌਕੇ ਤੇ ਪ੍ਰਸ਼ੰਸਾ ਪੱਤਰ ਦਿੱਤਾ ਜਾਵੇਗਾ।

**32.0 ਸਵੇਰੇ/ਸਾਮ ਟ੍ਰੇਨਿੰਗ ਤੋਂ ਛੋਟ ਸਬੰਧੀ:**

ਸਵੇਰੇ/ਸ਼ਾਮ ਟ੍ਰੇਨਿੰਗ ਦੇਣ ਵਾਲੇ ਸਰੀਰਕ ਸਿੱਖਿਆ ਅਧਿਆਪਕਾਂ ਨੂੰ ਸਕੂਲ ਸਮੇਂ ਤੋਂ 2 ਘੰਟੇ ਦੀ ਛੋਟ ਦੇਣ ਸਬੰਧੀ ਵਿਚਾਰ ਕੀਤਾ ਜਾ ਸਕਦਾ ਹੈ। ਸਬੰਧਤ ਸਕੂਲ ਮੁੱਖੀ ਇਹ ਯਕੀਨੀ ਬਣਾਉਣਗੇ ਕਿ ਇਹ ਛੋਟ ਕੇਵਲ ਸਵੇਰੇ/ਸਾਮ ਟ੍ਰੇਨਿੰਗ ਦੇਣ ਵਾਲੇ ਅਧਿਆਪਕਾ ਨੂੰ ਹੀ ਦਿੱਤੀ ਜਾਵੇ। ਇਹ ਸੈਂਟਰ ਸਰਦੀਆਂ ਸਮੇਂ ਸ਼ਾਮ 4 ਤੋਂ 6 ਵੱਜੇ ਅਤੇ ਗਰਮੀਆਂ ਵਿੱਚ ਸ਼ਾਮ 5 ਤੋਂ 7 ਵੱਜੇ ਤੱਕ ਹੋਣਗੇ।

**33.0 ਨੈਸ਼ਨਲ/ਇੰਟਰਨੈਸ਼ਨਲ ਜੇਤੂ ਖਿਡਾਰੀਆਂ ਦਾ ਸਵਾਗਤ ਕਰਨ ਸਬੰਧੀ:**

ਜੋ ਖਿਡਾਰੀ ਨੈਸ਼ਨਲ/ਇੰਟਰਨੈਸ਼ਨਲ ਪੱਧਰ ਤੇ ਮੈਡਲ ਜਿੱਤ ਕੇ ਆਉਂਦੇ ਹਨ ਉਨ੍ਹਾਂ ਖਿਡਾਰੀਆਂ ਅਤੇ ਕੋਚਾਂ ਨੂੰ ਸਬੰਧਤ ਜਿਲ੍ਹੇ ਦਾ ਸਪੋਰਟਸ ਕੋਆਰਡੀਨੇਟਰ, ਡੀ.ਐਮ./ਬੀ.ਐਮ. (ਸਪੋਰਟਸ) ਰੇਲਵੇ ਸਟੇਸ਼ਨ/ਬੱਸ ਅੱਡੇ ਤੇ ਸਵਾਗਤ ਕਰਨ ਲਈ ਜਾਣਗੇ ਜਿਸ ਨਾਲ ਖਿਡਾਰੀਆਂ ਦੀ ਹੌਸਲਾ ਅਫਜ਼ਾਈ ਹੋਵੇਗੀ ਅਤੇ ਵੱਧ ਤੋਂ ਵੱਧ ਖਿਡਾਰੀ ਖੇਡਾਂ ਵੱਲ ਜਾਣ ਲਈ ਪ੍ਰੇਰਿਤ ਹੋਣਗੇ।

ਡਾਇਰੈਕਟਰ ਸਿੱਖਿਆ ਵਿਭਾਗ (ਐਲੀ:ਸਿ:)
ਪੰਜਾਬ।